Estd. 2000

September - 2022
Year - 07
Edition - 06
Total Page 16

Anual Subcription 500/-

Regd. Office :
1195, Ajit Nagar
Moga 142001 (Pb.)

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ * ਉਪ ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ

Title Regd No. PUNPUN 04016 * Helpline 9988-92-9988, Email:chief_editor@mehakwatandilive.com www.mehakwatandilive.com



ਹਜ਼ਾਰਾਂ ਸੰਗਤਾਂ ਨੇ ਨਮ ਅੱਖਾਂ ਨਾਲ ਦਿੱਤੀ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਨੂੰ ਅੰਤਿਮ ਵਿਦਾਇਗੀ




facebook

www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ

www.mehakwatandilive.com



ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਵੱਲੋਂ ਪੱਤਰਕਾਰਾਂ ਦਾ ਵਿਸ਼ੇਸ਼ ਸਨਮਾਨ !



ਨੌਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਵੱਲੋਂ ਉੱਤਰੀ ਖੇਤਰ ਦੇ ਪਟਿਆਲਾ ਮੁੱਖ ਦਫ਼ਤਰ ਵਿਖੇ 'ਮਹਿਕ ਵਤਨ ਦੀ' ਗਰੁੱਪ ਦਾ ਸੋਵੀਨਾਰ ਰਿਲੀਜ਼

## ਅੰਦਰ ਪੜ੍ਹੋ

- ਘਰਾਂ ਵਿੱਚੋਂ ਅਲੋਪ ਹੋ ਗਈ ਹੈ ਮਿੱਟੀ ਦੇ ਚੁੱਲ੍ਹਿਆਂ ਦੀ ਮਹਿਕ
- ਦਰੀਆਂ ਆਰਟ ਗੈਲਰੀਆਂ, ਅਜਾਇਬ ਘਰਾਂ ਅਤੇ ਮੇਲਿਆਂ ਦਾ ਸ਼ਿੰਗਾਰ ਬਣ ਕੇ ਰਹਿ ਗਈਆਂ ਹਨ
- ਆਪਣਿਆਂ ਹੱਥੋਂ ਹਾਰੇ ਰਿਸ਼ਤੇ !
- ਕਿਉਂ ਚੂੰਡੀਆਂ ਵੱਢਦੀ ਆ ਫ਼ਿਲਮ ਲਾਲ ਸਿੰਘ ਚੱਢਾ?
- ਲੋਕ ਸੰਗਰਾਮਾਂ ਦਾ ਪ੍ਰਤੀਕ ਪ੍ਰਿਥੀਪਾਲ ਸਿੰਘ ਰੰਧਾਵਾ
- ਝੀਲਾਂ ਦਾ ਦੇਸ਼ ਕੈਨੇਡਾ

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com



ਨਾਮਵਰ ਸਾਹਿਤਕ ਸ਼ਖ਼ਸ਼ੀਅਤਾਂ ਦੀ ਹਾਜ਼ਰੀ ਵਿਚ ਲੇਖਿਕਾ ਹਰਜੀਤ ਕੌਰ ਗਿੱਲ ਦੀ ਪੁਸਤਕ 'ਜ਼ਿੰਦਗੀ ਦੇ ਰੰਗ' ਹੋਈ ਲੋਕ ਅਰਪਨ



'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਲੇਖਿਕਾ ਹਰਜੀਤ ਕੌਰ ਗਿੱਲ ਦਾ ਵਿਸੇਸ਼ ਸਨਮਾਨ




ਨਾਟਕ ਕਲਾ ਨਾਲ ਜੁੜੀਆਂ ਅਹਿਮ ਸ਼ਖ਼ਸ਼ੀਅਤਾਂ ਵੱਲੋਂ ਭਵਨਦੀਪ ਸਿੰਘ ਪੁਰਬਾ ਦਾ ਨਾਟਕ ਸੰਗ੍ਰਹਿ 'ਖੰਭਾਂ ਦੀਆਂ ਡਾਰਾਂ' ਲੋਕ ਅਰਪਨ



Scanned with CamScanner

ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਅਰਥ ਵਿਵਸਥਾ ਨੂੰ ਵੀ ਪ੍ਰਭਾਵਿਤ ਕਰੇਗੀ ਪਸ਼ੂਆਂ ਦੀ 'ਲੰਪੀ ਸਕਿੰਨ' ਦੀ ਬੀਮਾਰੀ

## 'ਲਛਕੋਰ ਕੇ ਛਿਪਣਾ' ਇਕ ਖਾਸ ਸੰਦੇਸ਼ ਹੈ ਪਰ ਅਸੀਂ ਕੁਦਰਤ ਨੂੰ ਅਤੇ ਕੁਦਰਤ ਦੀਆਂ ਨਿਸ਼ਾਨੀ ਨੂੰ ਨਹੀਂ ਮੰਨਦੇ

ਬੀਤੀ ਸ਼ਾਮ ਮੈਂ ਤੇ ਮੇਰਾ ਬੇਟਾ ਏਕਮਜੋਤ ਸਿੰਘ ਪੁਰਬਾ ਬਾਜ਼ਾਰ ਗਏ ਤਾਂ ਚੜ੍ਹਦੇ ਪਾਸੇ ਸਾਰੀਆਂ ਦੁਕਾਨਾ ਨੇ ਪੀਲੇ ਤੇ ਸੰਤਰੀ ਰੰਗ ਦੀ ਤੇਜ ਲਾਈਟ ਪੈ ਰਹੀ ਸੀ। ਮੇਰੇ ਬੇਟੇ ਨੇ ਮੈਨੂੰ ਕਿਹਾ ਦੇਖੋ ਪਾਪਾ ਸਾਰੀਆਂ ਸ਼ੌਪ ਤੇ ਇਕੋ ਜਿਹੀ ਲਾਈਟ ਹੈ ਇਹ ਕੀ ਹੈ?

ਮੈਂ ਵੀ ਉਸ ਨੂੰ ਧਿਆਨ ਨਾਲ ਵੇਖਿਆ ਤਾਂ ਆਪਣੇ ਬਜ਼ੁਰਗਾਂ ਦੀ ਗੱਲ ਯਾਦ ਆਈ। ਮੇਰੇ ਦਾਦਾ ਜੀ ਸ. ਕਰਤਾਰ ਸਿੰਘ ਜੋ ਮੇਰੇ ਛੋਟੇ ਹੁੰਦੇ ਤੋਂ ਮੇਰੇ ਨਾਲ ਪੰਜਾਬੀ ਵਿਰਾਸਤ, ਪਿਛੋਕੜ, ਰੀਤੀ-ਰਿਵਾਜ਼ ਅਤੇ ਕੁਦਰਤੀ ਵਰਤਾਰਿਆਂ ਬਾਰੇ ਬਹੁਤ ਗੱਲਾਂ ਕਰਿਆ ਕਰਦੇ ਸਨ। ਇਸ ਲਾਈਟ ਨੂੰ ਵੇਖ ਕੇ ਮੇਰੇ ਜਹਿਣ ਵਿੱਚ ਉਨ੍ਹਾਂ ਦੀਆਂ ਗੱਲਾਂ ਯਾਦ ਆਇਆਂ। ਇਸ ਤਰ੍ਹਾਂ ਦੇ ਪ੍ਰਕਾਸ਼ ਬਾਰੇ ਇੱਕ ਤਾਂ ਉਹ ਕਹਿੰਦੇ ਸਨ ਕਿ 'ਲਛਕੋਰ ਕੇ ਛਿਪਣਾ' ਭਾਵ ਦਿਨ ਛਿਪਣ ਵੇਲੇ ਇਸ ਤਰ੍ਹਾਂ ਪ੍ਰਕਾਸ਼ ਹੋ ਜਾਣਾ। 'ਲਛਕੋਰ ਕੇ ਛਿਪਣਾ' ਇਕ ਤਾਂ ਇਸ ਗੱਲ ਦੀ ਨਿਸ਼ਾਨੀ ਸੀ ਕਿ ਰਾਤ ਨੂੰ ਭਾਰੀ ਮੀਂਹ ਆਉਂਦਾ ਹੈ। ਦੂਸਰਾ ਇਹ 'ਲਛਕੋਰ ਕੇ ਛਿਪਣਾ' ਕਿਸੇ ਅਣਹੋਣੀ ਦੀ ਨਿਸ਼ਾਨੀ ਹੁੰਦੀ ਹੈ। ਭਾਵ ਕੋਈ ਕਰੋਪੀ ਆਉਣ ਦਾ ਸੰਦੇਸ਼ ਹੁੰਦੀ ਹੈ।

ਘਰ ਆਇਆ ਤਾਂ ਮੇਰੇ ਸਾਡੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਸਹਿ ਸੰਪਾਦਕ ਇਕਬਾਲ ਸਿੰਘ ਖੋਸਾ ਵੱਲੋਂ ਮੈਨੂੰ ਇਹੋ ਫੋਟੋਆ ਭੇਜੀਆਂ ਗਈਆਂ। ਕੁਝ ਸਮੇਂ ਬਾਅਦ ਮੈਂ ਇਕਬਾਲ ਦੇ ਫੇਸਬੁੱਕ ਅਕਾਉਂਟ ਤੇ ਇਸ ਲਾਲੀ ਬਾਰੇ ਲਿਖੀਆਂ ਸਤਰਾਂ ਨੂੰ ਪੜ੍ਹਿਆ। ਮੈਂ ਇਕਬਾਲ ਦੀਆਂ ਲਿਖੀਆਂ ਸਤਰਾਂ ਅਤੇ ਦਾਦਾ ਜੀ ਦੇ ਦੱਸੇ ਇਨ੍ਹਾਂ ਕਾਰਨਾਂ ਦਾ ਵਿਸ਼ਲੇਸ਼ਨ ਕਰਨ ਦੀ ਕੋਸ਼ਿਸ ਕੀਤੀ। ਵਾਕਿਆ ਹੀ 'ਲਛਕੋਰ ਕੇ ਛਿਪਣਾ' ਇਕ ਖਾਸ ਸੰਦੇਸ਼ ਹੈ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਇੱਕ ਅਲੋਕਿਕ ਨਜ਼ਾਰਾ ਸੀ। ਦੁਕਾਨਾਂ ਅਤੇ ਪਿੰਡ ਦੇ ਘਰਾਂ ਤੇ ਪੈ ਰਹੀ ਰੋਸ਼ਨੀ ਜਿਵੇਂ ਲਿਸ਼ਕਾਂ ਮਾਰ ਰਹੀ ਸੀ ਉਹ ਸੂਰਜ ਦੀ ਲਾਲੀ ਬੱਦਲਾਂ ਨਾਲ ਗੱਲਾਂ ਕਰਦੀ ਜਾਪ ਰਹੀ ਸੀ। ਵਾਕਿਆ ਹੀ ਇੱਕ ਟਾਈਮ ਤਾਂ ਇੰਜ ਲੱਗਾ ਜਿਵੇ ਮੌਸਮ ਵਿਚ ਕੋਈ ਪ੍ਰਦੂਸ਼ਣ ਹੈ ਹੀ ਨਹੀਂ। ਸਾਫ-ਸਾਫ ਮੌਸਮ ਜਿਵੇ ਸਾਵਨ ਮਹੀਨੇ ਦੀਆਂ ਲੱਗੀਆਂ ਤੀਆਂ ਦਾ ਅਨੰਦ ਮਾਨ ਰਿਹਾ ਹੋਵੇ ਪਰ ਇਹ ਨਜ਼ਾਰਾ ਕੁਝ ਪਲਾਂ ਦਾ ਹੀ ਸੀ।

ਅੱਜ ਅਸੀਂ ਜ਼ਿਆਦਾ ਐਡਵਾਂਸ ਹੋ ਗਏ ਹਾਂ। ਅਸੀਂ ਕੁਦਰਤ ਨੂੰ ਅਤੇ ਕੁਦਰਤ ਦੀਆਂ ਨਿਸ਼ਾਨੀ ਨੂੰ ਨਹੀਂ ਮੰਨਦੇ ਪਰ 'ਲਛਕੋਰ ਕੇ ਛਿਪਣਾ' ਦਾ ਦੂਜਾ ਕਾਰਨ ਵੀ ਕੁਦਰਤ ਦੀ ਕਰੋਪੀ ਸੱਚ ਹੀ ਲੱਗ ਰਿਹਾ ਹੈ ਕਿਉਂਕਿ ਪਸ਼ੂਆਂ ਦੀ 'ਲੰਪੀ ਸਕਿੰਨ' ਨਾਂ ਦੀ ਭਿਆਨਕ ਬਿਮਾਰੀ ਦਾ ਪੂਰਾ ਜ਼ੋਰ ਹੈ। ਇਹ ਇੱਕ ਤਰ੍ਹਾਂ ਦਾ ਕੁਦਰਤੀ ਕਹਿਰ ਹੀ ਹੈ। ਗਊਆਂ ਦਾ ਦੁੱਧ ਜੋ ਸਾਡੇ ਲਈ ਖਾਸ ਕਰਕੇ ਬੱਚਿਆਂ ਲਈ ਇੱਕ ਨਿਆਮਤ ਹੈ ਪਰ ਅੱਜ ਉਸ ਦੀ ਵਰਤੋਂ ਨਾਲ ਬੱਚਿਆਂ ਨੂੰ ਬੀਮਾਰੀਆਂ ਲੱਗਣ ਦਾ ਖ਼ਤਰਾ ਬਣ ਗਿਆ ਹੈ। ਲੋਕ ਡੇਅਰੀ ਅਤੇ ਦੋਧੀਆਂ ਤੋਂ ਦੁੱਧ ਲੈਣ ਤੋਂ ਪ੍ਰਹੇਜ ਕਰਨ ਲੱਗੇ ਹਨ। ਲੋਕ ਚਾਹ ਦੇ ਢਾਬਿਆਂ ਅਤੇ ਰੇਸਟੋਰੈਂਟਾਂ ਤੋਂ ਚਾਹ ਪੀਣ ਤੋਂ ਪ੍ਰਹੇਜ ਕਰ ਲੱਗ ਪਏ ਹਨ। ਵਿਦੇਸ਼ਾਂ ਵਿੱਚੋ ਸਾਡੇ ਸੱਜਣਾ ਮਿੱਤਰਾਂ ਅਤੇ ਰਿਸ਼ਤੇਦਾਰਾਂ ਦੇ ਫੋਨ ਆਉਣ ਲੱਗ ਪਏ ਹਨ ਕਿ ਕੁਝ ਸਮੇਂ ਲਈ ਸਿਰਫ ਚੰਗੀਆਂ ਕੰਪਨੀਆਂ ਦੇ ਬਰੈਂਡਡ ਦੁੱਧ ਹੀ ਵਰਤੋ। ਕਿਉਂਕਿ ਪਸ਼ੂਆਂ ਦੇ ਦੁੱਧ ਤੋਂ ਬਹੁਤ ਬੀਮਾਰੀਆਂ ਮਨੁੱਖਾਂ ਨੂੰ ਲੱਗ ਰਹੀਆਂ ਹਨ। ਜੇਕਰ ਇਸੇ ਤਰ੍ਹਾਂ ਕੁਝ ਦੇਰ ਚੱਲਦਾ ਰਿਹਾਂ ਤਾਂ ਦੁੱਧ ਤੋਂ ਬਣੀਆਂ ਚੀਜ਼ਾਂ ਜਿਵੇਂ ਮਠਿਆਈ, ਬਰਫੀਆਂ, ਪਨੀਰ, ਮੱਖਣ, ਲੱਸੀ ਆਦਿ ਵੀ ਸਾਡੇ ਲਈ ਖਤਰਨਾਕ ਹੋ ਜਾਣਗੀਆਂ। ਇਸ ਸਭ ਦੇ ਚੱਲਦਿਆ ਪਸ਼ੂਆਂ ਦੀ ਲੰਪੀ ਸਕਿੰਨ ਦੀ ਬਿਮਾਰੀ ਸਾਡੀ ਅਰਥ ਵਿਵਸਥਾ ਨੂੰ ਵੀ ਪ੍ਰਭਾਵਿਤ ਕਰੇਗੀ।

ਇਸ ਭਿਆਨਕ ਬੀਮਾਰੀ ਦੀ ਰੋਕ-ਥਾਮ ਲਈ ਸਰਕਾਰ ਪੂਰੀ ਤਰ੍ਹਾਂ ਯਤਨਸ਼ੀਲ ਹੈ ਅਤੇ ਕਈ ਸੰਸਥਾਵਾਂ ਅਤੇ ਕਈ ਵਿਅਕਤੀ ਆਪਣੇ ਤੌਰ ਤੇ ਵੀ ਇਸ ਬੀਮਾਰੀ ਨਾਲ ਨਜਿੱਠਨ ਲਈ ਕਾਰਜਸ਼ੀਲ ਹਨ। ਪ੍ਰਮਾਤਮਾਂ ਕ੍ਰਿਪਾ ਕਰੇ। ਸੋ ਪ੍ਰਮਾਤਮਾਂ ਅੱਗੇ ਇਹੋ ਅਰਦਾਸ ਕਰਦੇ ਹਾਂ ਕਿ ਸਭ ਦੇ ਪਸ਼ੂ ਤੰਦਰੁਸਤ ਰਹਿਣ ਅਤੇ ਪਸ਼ੂਆਂ ਦੀ ਲੰਪੀ ਸਕਿੰਨ ਦੀ ਬਿਮਾਰੀ ਜਲਦੀ ਤੋਂ ਜਲਦੀ ਠੀਕ ਹੋ ਜਾਵੇ।

ਭੁਵਨਦੀਪ ਸਿੰਘ

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
Monthly 'Mehak Watan Di Live' Moga ● ਲਾਈਵ
Title Regd. No. PunPun-04016 Year 7 Edition 1 Issue Date 10-09-2022

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਆਨਰੇਰੀ ਉੱਪ-ਮੁੱਖ ਸੰਪਾਦਕ : ਭਾਗਵੰਤੀ ਪੁਰਬਾ
ਸੰਪਾਦਕ : ਕੁਲਵਿੰਦਰ ਸਿੰਘ ਤਾਰੇਵਾਲਾ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਧਾਰਮਿਕ ਸੰਪਾਦਕ : ਮਹਿੰਦਰ ਸਿੰਘ ਮੇਹਨਤੀ
ਸਾਹਿਤਕ ਸੰਪਾਦਕ : ਜਸਵੀਰ ਪੁੜੈਣ
ਇੰਚਾਰਜ (ਪ੍ਰਿੰਟ ਐਡੀਸ਼ਨ) : ਸੁਖਜੀਤ ਸਿੰਘ, ਜਲੰਧਰ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਪ੍ਰੈਸ ਫੋਟੋਗ੍ਰਾਫਰ/ਕੈਮਰਾਮੈਨ : ਮਨਮੋਹਨ ਸਿੰਘ ਚੀਮਾ



ਆਪਣੇ ਸਮਾਗਮਾਂ ਨੂੰ ਦੁਨੀਆਂ ਭਰ ਵਿੱਚ ਵਸਦੀ ਸੰਗਤ ਨਾਲ ਸਾਂਝਾ ਕਰੋ!
'ਮਹਿਕ ਵਤਨ ਦੀ ਲਾਈਵ' ਬਿਓਰੋ ਰਾਹੀਂ...

ਆਪਣੇ ਸਮਾਗਮਾਂ ਦਾ 'ਮਹਿਕ ਵਤਨ ਦੀ ਲਾਈਵ' ਵੈਬ ਟੀ.ਵੀ. ਤੇ ਸਿੱਧਾ ਪ੍ਰਸ਼ਾਰਨ ਕਰਵਾਓ! ਸਿਰਫ 3,000/- ਪ੍ਰਤੀ ਘੰਟਾ
...ਅਤੇ ਨਾਲ ਹੀ ਆਪਣੇ ਸਮਾਗਮਾਂ ਦੀਆਂ ਖਬਰਾਂ ਅੰਤਰ-ਰਾਸ਼ਟਰੀ ਪੰਜਾਬੀ ਮੈਗਜੀਨ ਮਹਿਕ ਵਤਨ ਦੀ ਲਾਈਵ, ਮਹਿਕ ਵਤਨ ਦੀ ਲਾਈਵ ਵੈਬ ਟੀ.ਵੀ., ਮਹਿਕ ਵਤਨ ਦੀ ਲਾਈਵ ਰੋਜਾਨਾ ਆਨਲਾਈਨ ਅਖਬਾਰ ਅਤੇ ਮਹਿਕ ਵਤਨ ਦੀ ਲਾਈਵ ਸੋਸ਼ਲ ਮੀਡੀਆ ਸੈੱਲ ਰਾਹੀਂ ਸਭ ਨਾਲ ਸਾਂਝੀਆਂ ਕਰੋ।




ਮਹਿਕ ਵਤਨ ਦੀ
'Mehak Watan Di Live'
ਇਸ਼ਤਿਹਾਰ ਦਾ ਫੁੱਲ ਪੇਕੇਜ ਲੈਣ ਲਈ ਵੀ ਸੰਪਰਕ ਕਰੋ!
Monthly Magazine • Daily Online Newspaper • Web TV Channel
www.mehakwatandilive.com
Help Line: 9988 92 9988

<u>ਵਿਸ਼ੇਸ਼ ਨੋਟ</u> : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

<u>ਲੇਖਕਾਂ ਪ੍ਰਤੀ</u> 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ

'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ ਸਿਰਫ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੀ ਸੰਪਰਕ ਕੀਤਾ ਜਾਵੇ।

Scanned with CamScanner

## ਧਾਰਮਿਕ ਸਰਗਰਮੀਆਂ



# ਸਮੁੱਚੀ ਮਾਨਵਤਾ ਦਾ ਮਾਰਗ ਦਰਸ਼ਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ

ਪੂਰੇ ਬ੍ਰਹਿਮੰਡ 'ਚ ਵਸ ਰਹੇ ਦਿੱਖ ਰੱਬ ਦੀ ਜਦੋਂ ਵੀ ਗੱਲ ਕੀਤੀ ਜਾਂਦੀ ਹੈ ਤਾਂ ਇਹ ਰੱਬ ਦੀ ਗੱਲ ਨੂੰ ਕਰਨ ਲਈ ਪਹਿਲ ਗ੍ਰੰਥਾਂ ਨੂੰ ਦਿੱਤੀ ਗਈ ਹੈ। ਕਿਉਂਕਿ ਦੁਨੀਆਂ ਦੀ ਵਸ ਰਹੀ ਅਬਾਦੀ ਵਿਚ ਜਿੰਨੇ ਵੀ ਲੋਕ ਰਹਿੰਦੇ ਹਨ। ਇਹਨਾਂ ਲੋਕਾਂ ਦਾ ਜਿੱਥਿ ਸੱਭਿਆਚਾਰ, ਰਹਿਣ-ਸਹਿਣ, ਖਾਣ-ਪੀਣ ਅਲੱਗ-ਅਲੱਗ ਹੈ ਤਾਂ ਇਸ ਤਰ੍ਹਾਂ ਇਨ੍ਹਾਂ ਲੋਕਾਂ ਦਾ ਧਾਰਮਿਕ ਖੇਤਰ ਵੀ ਅਲੱਗ-ਅਲੱਗ ਹੈ। ਹਰ ਇਕ ਧਰਮ ਦਾ ਜੋ ਪਹਿਲਾਂ ਤੇ ਹੋਂਦ ਦਾ ਮੂਲ ਪ੍ਰਮਾਣ ਹੈ ਉਹ ਹੈ। ਧਰਮ ਗ੍ਰੰਥ ਜਿਸ ਦੇ ਆਧਾਰ ਦੇ ਉੱਤੇ ਧਰਮ ਨੂੰ ਮੰਨਿਆ ਜਾਂਦਾ ਹੈ।

ਜੇਕਰ ਪੂਰੇ ਵਿਸ਼ਵ ਦੀ ਗੱਲ ਕਰੀਏ ਤਾਂ ਇਸ ਵਿਚ ਬਹੁਤ ਗਿਣਤੀ ਵਿਚ ਲੋਕਾਂ ਦੇ ਧਰਮ ਭਿੰਨਤਾ ਹੈ ਅਤੇ ਨਾਲ ਹੀ ਉਹਨਾਂ ਦੇ ਧਰਮ ਦੇ ਚਿੰਨ੍ਹ, ਰੀਤੀ-ਰਿਵਾਜ, ਲਿਬਾਸ ਆਦਿ ਵੀ ਵੱਖ-ਵੱਖ ਹਨ। ਜੇਕਰ ਭਾਰਤ ਦੀ ਗੱਲ ਕਰੀਏ ਤਾਂ ਇਥੇ ਵੀ ਬਹੁਤ ਸਾਰੇ ਧਰਮਾਂ ਦੇ ਲੋਕ ਵਸਦੇ ਹਨ। ਜਿਨ੍ਹਾਂ ਵਿਚ ਪਹਿਲ ਦੇ ਅਧਾਰ ਤੇ, ਹਿੰਦੂ, ਸਿੱਖ, ਮੁਸਲਿਮ, ਇਸਾਈ ਆਦਿ ਹਨ। ਇਥੇ ਇਨ੍ਹਾਂ ਧਰਮਾਂ ਦੇ ਆਪੋ ਆਪਣੇ ਧਾਰਮਿਕ ਗ੍ਰੰਥ ਹਨ।

ਪਰ ਜਦੋਂ ਗੱਲ ਸਿੱਖ ਮੱਤ ਦੀ ਹੁੰਦੀ ਹੈ ਤਾਂ ਇਕੋ-ਇਕ ਸਿੱਖ ਧਰਮ ਇਸ ਤਰ੍ਹਾਂ ਦਾ ਹੈ ਜੋ ਆਪਣੇ ਵਿਚਾਰਾਂ ਨਾਲ, ਆਪਣੀ ਦਿੱਖ ਨਾਲ, ਦੁਨੀਆਂ ਦੇ ਹਰ ਕੋਨੇ ਤੇ ਆਪਣੀ ਵਿਲੱਖਣ ਪਹਿਚਾਣ ਨੂੰ ਬਣਾਈ ਬੈਠਾ ਹੈ।

ਸਿੱਖ ਧਰਮ ਦੇ ਬਾਨੀ ਗੁਰੂ. ਨਾਨਕ ਦੇਵ ਜੀ ਨੇ ਆਪਣੀ ਵਿਚਾਰਧਾਰਾ ਨੂੰ ਇਸ ਤਰ੍ਹਾਂ ਦਾ ਬਣਾਇਆ ਜੋ ਸਾਰੇ ਮਾਨਵਤਾ ਦੇ ਭਲੇ ਵਾਸਤੇ ਸੀ, ਨਾ ਕੇ ਕਿਸੇ ਇਕ ਪੱਖ ਦੀ ਅਤੇ ਜੋ ਸਿੱਖ ਧਰਮ ਦੇ ਪਹਿਲੇ ਤਿੰਨ ਸਿਧਾਂਤ ਦੁਨੀਆਂ ਨੂੰ ਦੱਸਦੇ ਉਹ ਸਨ : ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣਾ, ਇਨ੍ਹਾਂ ਤਿੰਨਾਂ ਹੀ ਸਿਧਾਂਤਾਂ ਵਿਚ ਸਾਰੀ ਗੱਲ ਨੂੰ ਗੁਰੂ ਨਾਨਕ ਦੇਵ ਜੀ ਨੇ ਸਮਝਾਇਆ। ਪਰ ਇਸ ਸਿਧਾਂਤ ਨੂੰ, ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਅੱਗੇ ਲੈ ਕੇ ਜਾਣ ਦਾ ਜੋ ਕਾਰਜ ਸੀ ਉਹ ਬੜਾ ਕਠਿਨ ਤੇ ਬਹੁਤ ਹੀ ਸੂਖਮਤਾ ਵਾਲਾ ਸੀ। ਫਿਰ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ, ਗੁਰੂ ਸਾਹਿਬ ਦੇ ਸਿਧਾਂਤ ਨੂੰ ਅੱਗੇ ਤੋਰਨ ਵਾਸਤੇ ਗੁਰੂ ਗੱਦੀ ਦੀ ਰਸਮ ਸ਼ੁਰੂ ਹੋਈ ਜੋ ਸਾਡੇ ਅਜੋਕੇ ਸਮੇਂ ਦੇ ਸ਼ਬਦ ਗੁਰੂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਪੂਰਨ ਹੋਈ।

ਆਉ ਗੱਲ ਕਰਦੇ ਹਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ।

ਭਾਵੇਂ ਦੁਨੀਆਂ ਦੇ ਹਰ ਧਰਮ ਦਾ ਆਪਣਾ-ਆਪਣਾ ਧਾਰਮਿਕ ਗ੍ਰੰਥ ਹੈ ਅਤੇ ਉਹਨਾਂ ਦੀ ਵਿਸ਼ੇਸ਼ਤਾ, ਮਹਾਨਤਾ ਤੇ ਵਿਚਾਰ ਉਨ੍ਹਾਂ ਦੀ ਮੱਤ ਦੇ ਅੰਦਰ ਹੀ ਚੱਲਦੇ ਹਨ। ਕਿਉਂਕਿ ਜੇਕਰ ਰੱਬ ਦੀ ਗੱਲ ਕੀਤੀ ਹੈ ਤਾਂ ਉਹ ਵੀ ਧਰਮ ਦੇ ਘੇਰੇ ਦੇ ਅੰਦਰ ਹੀ ਰਹਿ ਕ ਕੀਤੀ ਹੈ। ਜੇਕਰ ਹਿੰਦੂ ਧਰਮ ਦੇ ਗ੍ਰੰਥਾਂ ਦੀ ਗੱਲ ਕਰੀਏ ਤਾਂ ਉਹਨਾਂ ਦੇ ਵੇਦਾਂ ਵਿਚ ਹਿੰਦੂ ਮੱਤ ਦੀ ਹੀ ਗੱਲ ਕੀਤੀ ਜਾਵੇਗੀ, ਜੇਕਰ ਬਾਈਬਲ ਦੀ ਗੱਲ ਕੀਤੀ ਜਾਵੇ ਤਾਂ ਉਸ ਵਿਚ ਇਸਾਈ ਮੱਤ ਦੀ ਗੱਲ ਹੋਵੇਗੀ। ਇਸ ਤਰ੍ਹਾਂ ਇਸਲਾਮਕ ਬੁੱਧੀ, ਜੈਨੀ, ਪਾਰਸੀ ਆਦਿ ਸਾਰੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਦਾ ਆਪਣੀ-ਆਪਣੀ ਮੱਤ ਦੇ ਅੰਦਰ ਦੀ ਗੱਲ ਹੀ ਕੀਤੀ ਗਈ ਹੈ। ਪਰ ਜਦੋਂ ਗੱਲ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਦੀ, ਵਿਸ਼ੇਸ਼ਤਾ ਦੀ ਹੁੰਦੀ ਹੈ ਤਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਨੀਆ ਦਾ ਸਭ ਤੋਂ ਸਰਵੋਤਮ ਧਾਰਮਿਕ ਗ੍ਰੰਥ ਹੈ। ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿਚ ਸਾਰੀ ਸ੍ਰਿਸ਼ਟੀ ਦੀ ਸਾਰੀ ਕਾਇਨਾਤ ਦੀ, ਹਰ ਧਰਮ ਦੀ, ਹਰ ਮਜ਼੍ਹਬ ਦੀ ਗੱਲ ਕੀਤੀ ਗਈ ਹੈ ਅਤੇ ਇਸ ਸ਼ਬਦ ਗੁਰੂ ਗ੍ਰੰਥ ਸਾਹਿਬ ਅੰਦਰ ਮਾਨਵਤਾ ਦੇ ਲਈ ਹੀ ਉਪਦੇਸ਼ ਹੈ, ਸੰਦੇਸ਼ ਹੈ। ਜੋ ਪੂਰੀ ਸ੍ਰਿਸ਼ਟੀ ਨੂੰ ਸਾਡੇ ਸਾਹਮਣੇ ਪੇਸ਼ ਕਰਦਾ ਹੈ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ 1601 ਤੋਂ ਸ਼ੁਰੂ ਕੀਤਾ ਅਤੇ 2 ਅਗਸਤ 1604 ਨੂੰ ਸੰਪੂਰਨ ਕੀਤਾ ਗਿਆ। ਇਸ ਕਾਰਜ ਨੂੰ ਸ਼ੁਰੂ ਕਰਨ ਵਾਲੇ ਸਿੱਖਾਂ ਦੇ ਪੰਜਵੇਂ ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਸਨ ਜਿਨ੍ਹਾਂ ਨੇ ਆਪਣੇ ਵੱਡ-ਵਡੇਰਿਆਂ ਦੀ ਪੂੰਜੀ ਨੂੰ ਸਾਂਭਣ ਲਈ ਉੱਦਮ ਕੀਤਾ ਅਤੇ ਸਿੱਖੀ ਦੇ ਪ੍ਰਚਾਰ ਲਈ ਸਭ ਤੋਂ ਵੱਡਾ ਕਾਰਜ ਨੇਪਰੇ ਚਾੜ੍ਹਿਆ।

ਜੇਕਰ ਗੱਲ ਕੀਤੀ ਜਾਵੇ ਕਿ ਗੁਰੂ ਅਰਜਨ ਦੇਵ ਜੀ ਨੂੰ ਕੀ ਜ਼ਰੂਰਤ ਪਈ ਕਿ ਇਸ ਤਰ੍ਹਾਂ ਦੇ ਗ੍ਰੰਥ ਨੂੰ ਰਚਿਆ ਜਾਵੇ ਤਾਂ ਪਿਛੋਕੜ ਤੇ ਝਾਤ ਮਾਰਈਏ ਤਾਂ ਇਤਿਹਾਸ ਵਿਚ ਇ ਦੇ ਕਈ ਕਾਰਨ ਸਾਹਮਣੇ ਨਜ਼ਰ ਆਉਣਗੇ। ਜਿਨ੍ਹਾਂ ਵਿਚ ਸਭ ਤੋਂ ਪਹਿਲਾਂ ਕਿ ਗੁਰੂ ਨਾਨਕ ਦੇਵ ਜੀ ਦੀ ਜੋ ਵਿਚਾਰਧਾਰਾ ਸੀ ਉਹ ਸੱਚ ਦੇ ਆਧਾਰ ਤੇ ਸੋਚ ਦੀ ਬੁਨਿਆਦ ਤੇ ਸੀ। ਜੋ ਸੱਚ ਤੋਂ ਸ਼ੁਰੂ ਹੋਈ ਤੇ ਅੱਜ ਤੱਕ ਸੱਚ ਤੇ ਹੀ ਖੜ੍ਹੀ ਹੈ। ਕਿਉਂਕਿ ਇਸ ਗੱਲ ਦਾ ਪ੍ਰਮਾਣ ਗੁਰਬਾਣੀ ਹੀ ਕਰਦੀ ਹੈ ਜਿਸ ਵਿਚ ਰਾਮਕਲੀ ਦੀ ਵਾਰ ਵਿਚ ਰਾਇ ਬਲਵੰਡ ਅਤੇ ਸੱਤੇ ਡੂਮ ਨੇ ਫੁਰਮਾਨ ਕੀਤਾ ਹੈ।

ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥

ਫਿਰ ਇਸ ਸੱਚ ਨੂੰ ਅੱਗੇ ਗੁਰਤਾਗੱਦੀ ਰਾਹੀਂ ਤੋਰਿਆ ਗਿਆ ਤੇ ਪੰਜਵੇਂ ਗੁਰੂ ਸਾਹਿਬ ਤੱਕ ਇਹ ਸੱਚ ਆਇਆ। ਪਰ ਪਹਿਲਾਂ ਗੁਰੂ ਸਾਹਿਬਾਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਮੱਤ ਨੂੰ ਹੋਰ ਰੁਸ਼ਨਾਇਆ ਤੇ ਸਿੱਖੀ ਪ੍ਰਚਾਰ ਸਮੇਂ-ਸਮੇਂ ਤੇ ਸਾਰਥਿਕ ਉਪਰਾਲੇ ਕੀਤੇ। ਜੋ ਮਾਨਵਤਾ ਦੇ ਹੱਕ ਅਤੇ ਪੱਖ ਵਿਚ ਸਨ। ਇਸ ਹੱਕ ਤੇ ਸੱਚ ਦੀ ਅਵਾਜ਼ ਨੂੰ ਜ਼ੁਬਾਨ ਦੇ ਨਾਲ-ਨਾਲ ਇਕ ਕਾਗਜ਼ ਤੇ ਈ ਉਤਾਰਿਆ ਜਾਂਦਾ। ਜਿਸਨੂੰ ਬਾਣੀ ਕਿਹਾ ਜਾਂਦਾ ਸੀ। ਜੋ ਅਕਾਲ ਪੁਰਖ ਦੀ ਉਸਤਤ ਵਿਚ ਤੇ ਮਾਨਵਤਾ ਨੂੰ ਸੱਚੇ ਮਾਰਗ ਪਾਉਣ ਲਈ ਸੀ। ਤਾਂ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਇਹੀ ਪਹਿਲਕਦਮੀ ਕੀਤੀ ਕਿ ਇਸ ਬਾਣੀ ਨੂੰ ਇਕੱਤਰ ਕਰਕੇ ਇਕ ਥਾਂ ਕੀਤਾ ਜਾਵੇ। ਕਿਉਂਕਿ ਸਿੱਖ ਦਾ ਪ੍ਰਸਾਰ ਗੁਰੂ ਅਰਜਨ ਦੇਵ ਜੀ ਸਮੇਂ ਬਹੁਤ ਦੂਰ-ਦੂਰ ਹੋ ਗਿਆ ਸੀ ਤੇ ਹੁਣ ਇਸ ਸਿੱਖੀ ਧਰਮ ਦੀ ਹੋਂਦ ਦਾ ਪ੍ਰਮਾਣ ਨਹੀਂ ਸੀ ਤੇ ਇਸ ਸੋਚ ਨਾਲ ਗੁਰੂ ਅਰਜਨ ਦੇਵ ਜੀ ਨੇ ਇਕ ਧਾਰਮਿਕ ਗ੍ਰੰਥ ਜੋ ਆਪਣੇ ਧਰਮ ਦਾ ਹੋਵੇ ਰਚਨਾ ਜ਼ਰੂਰੀ ਸਮਝੀ।



ਕਿਉਂਕਿ ਹਰ ਧਰਮ ਦੀ ਹੋਂਦ ਦਾ, ਉਸ ਦੇ ਮੂਲ ਦਾ ਪ੍ਰਤੱਖ ਸਬੂਤ, ਪ੍ਰਮਾਣ ਉਸ ਧਰਮ ਦਾ ਧਾਰਮਿਕ ਗ੍ਰੰਥ ਹੀ ਹੁੰਦਾ ਹੈ। ਦੂਸਰੇ ਪਾਸੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਜੋ ਗੁਰੂ ਸਾਹਿਬਾਨਾਂ ਕੋਲ ਅੱਗੇ ਦੀ ਅੱਗੇ ਆਈ ਸੀ। ਉਸ ਤਰ੍ਹਾਂ ਦੀ ਬਾਣੀ ਦੇ ਨਾਮ ਹੇਠ ਅਤੇ ਗੁਰੂ ਨਾਨਕ ਦੇਵ ਜੀ ਦੇ ਨਾਮ ਤੇ ਨਕਲੀ ਬਾਣੀ ਲਿਖੀ ਜਾਣ ਲੱਗੀ। ਤੀਸਰਾ, ਇਸਲਾਮਕ ਮੱਤ ਦੇ ਕਰੜੇ ਅਸੂਲਾਂ ਅਤੇ ਧੱਕੇ ਨਾਲ ਕੀਤੇ ਜ਼ੁਲਮਾਂ ਖਿਲਾਫ਼ ਆਵਾਜ਼ ਨੂੰ ਚੁੱਕਣਾ ਸੀ ਇਸ ਤਰ੍ਹਾਂ ਧਾਰਮਿਕ, ਰਾਜਨੀਤਕ, ਸਮਾਜਿਕ ਆਦਿ।

ਇਸ ਤਰ੍ਹਾਂ ਕਈ ਹੋਰ ਵੀ ਕਾਰਨ ਹਨ ਜਿਨ੍ਹਾਂ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਜ਼ਰੂਰਤ ਪਈ ਤਾਂ ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਇਸ ਕਾਰਜ ਨੂੰ ਆਪਣੇ ਹੱਥੀਂ ਲੈ ਕੇ ਸ਼ੁਰੂਆਤ ਕੀਤੀ। ਵੱਖ-ਵੱਖ ਥਾਵਾਂ ਤੋਂ ਬਾਣੀ ਇਕੱਤਰ ਕੀਤੀ ਅਤੇ ਨਾਲ ਹੀ ਚਾਰੇ ਪਾਸੇ ਇਹ ਸੁਨੇਹਾ ਭੇਜਿਆ ਗਿਆ ਕਿ ਹਰ ਕੋਈ ਆਪਣੀ ਰੱਬੀ ਉਸਤਤ ਵਿਚ ਲਿਖੀ ਰਚਨਾ ਲੈ ਕੇ ਆਵੇ। ਇਸ ਤਰ੍ਹਾਂ ਆਦਿ ਗੁਰੂ ਗ੍ਰੰਥ ਸਾਹਿਬ ਦੀ ਲਿਖਤ ਦਾ ਕੰਮ ਸੰਤੋਖਸਰ ਦੀ ਥਾਂ (ਅੰਮ੍ਰਿਤਸਰ) ਤੇ ਬੈਠ ਕੇ ਅਤੇ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ ਪੂਰਾ ਕੀਤਾ। ਇਸ ਸਮੇਂ ਬਹੁਤ ਸਾਰੇ ਭਗਤ ਆਪਣੀਆਂ ਰਚਨਾਵਾਂ ਲੈ ਕੇ ਗੁਰੂ ਸਾਹਿਬ ਕੋਲ ਪਹੁੰਚੇ। ਪਰ ਗੁਰੂ ਅਰਜਨ ਦੇਵ ਜੀ ਨੇ ਰਚਨਾ ਆਪ ਪੜ੍ਹ ਕੇ ਅਤੇ ਵਿਚਾਰ ਕੇ ਦੇਖੀ। ਜਿਸ ਦੀ ਰਚਨਾ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਲਿਖਣਯੋਗ ਨਹੀਂ ਸੀ। ਉਸ ਨੂੰ ਨਹੀਂ ਲਿਖਿਆ। ਇਸ ਤਰ੍ਹਾਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਚਾਰ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਆਪਣੀ ਬਾਣੀ, 15 ਭਗਤਾਂ ਦੀ ਬਾਣੀ, 11 ਭੱਟਾਂ ਦੀ ਬਾਣੀ, ਚਾਰ ਗੁਰਸਿੱਖਾਂ ਦੀ ਬਾਣੀ ਨੂੰ ਦਰਜ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਤਿਆਰ ਕੀਤੀ ਜਿਸ ਨੂੰ ਪਹਿਲਾਂ ਪੋਥੀ ਸਾਹਿਬ ਕਿਹਾ ਗਿਆ ਅਤੇ ਇਹ ਪਰਮੇਸ਼ਰ ਦੀ ਥਾਂ ਦਿੱਤੀ। ਜਿਸ ਦਾ ਪ੍ਰਮਾਣ ਗੁਰਬਾਣੀ ਵਿਚ ਹੈ, ਪੋਥੀ ਪਰਮੇਸਰ ਕਾ ਥਾਨਿ॥

ਇਸ ਪਹਿਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਪਹਿਲਾ ਪ੍ਰਕਾਸ਼ 1 ਸਤੰਬਰ 1604 ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੂਰੇ ਅਦਬ ਸਤਿਕਾਰ ਸਾਹਿਤ ਕੀਤਾ ਅਤੇ ਇਸ ਸਾਰੀ ਬਾਣੀ ਨੂੰ ਪੜ੍ਹਨ ਦੀ ਡਿਊਟੀ ਅਤੇ ਪਹਿਲੇ ਗ੍ਰੰਥੀ ਸਿੰਘ ਦੀ ਸੇਵਾ ਬਾਬਾ ਬੁੱਢਾ ਜੀ ਨੇ ਨਿਭਾਈ। ਇਸ ਤਰ੍ਹਾਂ ਸਭ ਤੋਂ ਪਹਿਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਹੋਈ। ਫੇਰ ਸਮਾਂ ਪਾ ਕੇ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਹੁੰਦਾ ਗਿਆ ਤੇ ਸਮਾਂ ਗੁਰੂ ਗੁਰੂ ਗੋਬਿੰਦ ਸਿੰਘ ਜੀ ਆਇਆ। ਜਦੋਂ ਉਹ ਗੁਰਗੱਦੀ ਤੇ ਬੈਠੇ ਅਤੇ ਜ਼ੁਲਮ ਰੋਕਣ ਲਈ ਆਪਣੇ ਹੱਥ ਤਲਵਾਰ ਚੁੱਕੀ।

ਗੁਰੂ ਗੋਬਿੰਦ ਸਿੰਘ ਜੀ ਦੇ ਗੱਦੀ ਤੇ ਬੈਠਣ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋ ਗਈ ਅਤੇ ਉਨ੍ਹਾਂ ਦੀ ਰਚੀ ਹੋਈ ਬਾਣੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਜੀ ਤੋਂ ਲਿਖਵਾ ਕੇ ਦਰਜ ਕਰਵਾਇਆ ਅਤੇ ਸਾਬੋ ਕੀ ਤਲਵੰਡੀ ਵਿਖੇ ਬਾਬਾ ਦੀਪ ਸਿੰਘ ਜੀ ਨੇ ਸਮਾਂ ਪਾ ਕੇ ਹੋਰ ਸਰੂਪ ਲਿਖੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਉਣ ਲੱਗੇ ਤਾਂ ਆਪਣੇ ਤੋਂ ਅੱਗੇ ਕੋਈ ਵੀ ਦੇਹਧਾਰੀ ਗੁਰੂ ਨਹੀਂ ਉਲੀਕਿਆ ਕਿਉਂਕਿ ਉਸ ਸਮੇਂ ਵੀ ਬਹੁਤ ਸਾਰੇ ਕਾਰਨ ਸਨ ਜਿਨ੍ਹਾਂ ਕਰਕੇ ਸਿੱਖੀ ਵਿਚ ਅਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਕਿਸੇ ਇਕ ਦੇ ਕਾਬਜ਼ ਨਹੀਂ ਹੋਣ ਦੇਣਾ ਸੀ ਤਾਂ ਗੁਰੂ ਸਾਹਿਬ ਨੇ 1708 ਈ. ਨੂੰ ਨਾਂਦੇੜ ਦੀ ਧਰਤੀ 'ਤੇ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਦੇ ਦਿੱਤੀ।

ਅਜੋਕੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦੀ ਗੱਲ ਕੀਤੀ ਜਾਵੇ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਅੰਗ ਹਨ ਤਾਂ ਰਾਗੁ ਵਿਚ ਗੁਰਬਾਣੀ ਦਰਜ ਹੈ। 6 ਗੁਰੂ ਸਾਹਿਬਾਨਾਂ ਦੀ ਬਾਣੀ, 15 ਭਗਤਾਂ ਦੀ, 11 ਭੱਟਾਂ ਦੀ ਅਤੇ 4 ਗੁਰਸਿੱਖਾਂ ਦੀ ਬਾਣੀ ਦਰਜ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਜੇਕਰ ਕਾਵਿ ਭਾਸ਼ਾ ਦੀ ਗੱਲ ਕਰੀਏ ਤਾਂ ਇਹ 13 ਭਾਸ਼ਾ ਵਿਚ ਦਰਜ ਹੈ। ਜਿਨ੍ਹਾਂ ਵਿਚ ਸੰਸਕ੍ਰਿਤ, ਕਿਧਰੇ ਗਾਥਾ ਫਾਰਸੀ, ਹਿੰਦੀ ਅਤੇ ਹੋਰ ਮਿਲੀ-ਜੁਲੀ ਸੰਤ ਭਾਸ਼ਾ ਹੈ ਇਸ ਤੋਂ ਇਲਾਵਾ ਹੋਰ ਕਈ ਭਾਸ਼ਾਵਾਂ ਹਨ। ਜਿਨ੍ਹਾਂ ਵਿਚ ਉਪਭਾਸ਼ਾਵਾਂ ਵੀ ਸ਼ਾਮਿਲ ਹਨ। ਪਰ ਸਭ ਤੋਂ ਜੋ ਮੂਲ ਭਾਸ਼ਾ ਹੈ ਉਹ ਹੈ ਗੁਰਮੁਖੀ।

ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਦੀ ਸਾਰੀ ਬਾਣੀ ਹੀ ਪੂਰੇ ਵਿਸ਼ਵ ਨੂੰ ਸੇਧ ਦਿੰਦੀ ਹੈ ਇਸ ਦੀ ਜੇਕਰ ਮਹਾਨਤਾ ਦੀ ਗੱਲ ਹੋਵੇ ਤਾਂ ਕਈ ਬੁੱਧੀਜੀਵਾਂ ਨੇ ਆਪਣੇ-ਆਪਣੇ ਵਿਚਾਰ ਦਿੱਤੇ ਹਨ।

ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੜ੍ਹ ਕੇ ਦੇਖੀਏ ਤਾਂ ਗੁਰਬਾਣੀ ਨਿੱਕੇ ਤੋਂ ਨਿੱਕੇ ਕਣ ਦੀ ਗੱਲ ਕਰੇਗੀ ਅਤੇ ਵੱਡੇ ਤੋਂ ਵੱਡੇ ਕਣ ਦੀ। ਭਾਵ ਕੇ ਗੁਰਬਾਣੀ ਸੂਖਮ ਤੇ ਤੇ ਅਸਥੂਲ ਦੀ ਗੱਲ ਕਰਦੀ ਹੈ।

ਗੁਰਬਾਣੀ ਮਨੁੱਖਾਂ ਦੇ ਜੀਵਨ ਤੇ ਹਰ ਇਕ ਤਰ੍ਹਾਂ ਝਾਤ ਪਾਉਂਦੀ ਹੈ। ਉਹ ਸ੍ਰਿਸ਼ਟੀ ਦੇ ਵਿਚੋਂ ਹੀ ਜੀਵ-ਜਨਤਾ ਦੀ ਉਦਾਹਰਨਾਂ ਦੇ ਕੇ, ਉਹਨਾਂ ਦੇ ਨਾਲ ਤੁਲਨਾਤਮਕ ਕਰਕੇ। ਇਸ ਤਰ੍ਹਾਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖ ਦੀ ਜ਼ਿੰਦਗੀ 'ਚੋਂ, ਝੂਠ, ਲਾਲਚ, ਪਾਖੰਡ, ਵਹਿਮ-ਭਰਮ, ਦਗਾ ਫਰੇਬ, ਮਾੜੇ ਕੰਮਕਾਰ, ਰੀਤੀ-ਰਿਵਾਜ਼ ਆਦਿ ਦੇ ਬਾਰੇ ਸਮਝਾਉਂਦੇ ਹਨ ਅਤੇ ਇਹਨਾਂ ਵਿਸ਼ੇ ਵਿਕਾਰਾਂ ਤੋਂ ਦੂਰ ਹੋਣ ਲਈ ਕਹਿੰਦੇ ਹਨ ਅਤੇ ਇਨਸਾਨ ਅੰਦਰ ਇਨਸਾਨੀਅਤ ਨੂੰ ਪੈਦਾ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਪਿਆਰ, ਸਤਿਕਾਰ, ਭਲਾ ਅਤੇ ਸੱਚਾਈ ਦੇ ਮਾਰਗ ਤੇ ਚੱਲਣ ਦੀ ਹਰ ਵੇਲੇ ਗੱਲ ਕਰਦੇ ਹਨ। ਪੂਰੇ ਦਾ ਪੂਰਾ ਭਾਵ ਕਿ ਸਾਨੂੰ ਮਨੁੱਖਾਂ ਨੂੰ ਇਕ ਚੰਗੀ ਨਿਰੋਲ ਜੀਵਨ ਜਾਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿਖਾਉਂਦੇ ਹਨ।

ਆਉ ਆਪਾਂ ਵੀ ਸਾਰੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਨੂੰ ਪੜ੍ਹਈਏ ਅਤੇ ਸਮਝੀਏ ਅਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪੂਰੇ ਵਿਸ਼ਵ ਲਈ ਸਰਬ ਸਾਂਝਾ ਉਪਦੇਸ਼ ਦਾ ਹੋਕਾ ਦੇਈਏ ਅਤੇ ਉਸ ਉਪਦੇਸ਼ ਦੀ ਮਹਾਨਤਾ ਅਤੇ ਵਿਸ਼ੇਸ਼ਤਾ ਨੂੰ ਆਪ ਵੀ ਸਮਝੀਏ।

ਮਹਿੰਦਰ ਸਿੰਘ ਮਿਹਨਤੀ
73550-18629

Scanned with CamScanner

ਮਾਸਿਕ 'ਮਹਿਕ ਵਤਨ ਦੀ ਲਾਈਵ' ਮੋਗਾ
Monthly 'Mehak Watan Di Live' Moga

# ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਹੋਇਆ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦਾ ਅੰਤਿਮ ਸੰਸਕਾਰ

## ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੀਆਂ ਅਸਥੀਆਂ ਹਰੀਕੇ ਵਿਖੇ ਹੋਈਆਂ ਜਲ ਪ੍ਰਵਾਹ



ਨਾਨਕਸਰ ਠਾਠ ਮੰਡੀਰਾਂ ਤੋਂ 'ਮਹਿਕ ਵਤਨ ਦੀ ਲਾਈਵ' ਬਿਓਰੋ ਦੀ ਵਿਸ਼ੇਸ ਰਿਪੋਰਟ

ਗੁਰੂ ਨਾਨਕ ਦਰਬਾਰ [ਨਾਨਕਸਰ ਠਾਠ] ਮੰਡੀਰਾਂ ਦੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਜੋ 11 ਜੁਲਾਈ 2022 ਨੂੰ ਸੁਬਾ 5 ਵਜੇ ਦੇ ਕਰੀਬ ਸੂਗਰ ਜਿਆਦਾ ਘੱਟ ਜਾਣ ਕਾਰਨ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦਾ ਅੰਤਿਮ ਸੰਸਕਾਰ ਭਾਈ ਹਰਪ੍ਰੀਤ ਸਿੰਘ ਲੋਨੀ ਦੇ ਯੋਗ ਪ੍ਰਬੰਧਾਂ ਹੇਠ ਨਾਨਕਸਰ ਠਾਠ ਵਿਖੇ ਮੰਡੀਰਾਂ ਹੋਇਆ। ਉੱਘੀਆਂ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸਖਸ਼ੀਅਤਾਂ ਸਮੇਤ ਹਜਾਰਾਂ ਸੰਗਤਾਂ ਨੇ ਨਮ ਅੱਖਾਂ ਨਾਲ ਬਾਬਾ ਬਲਦੇਵ ਸਿੰਘ ਜੀ ਨੂੰ ਅੰਤਿਮ ਵਿਦਾਇਗੀ ਦਿੱਤੀ।

ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਦੇ ਅੰਤਿਮ ਦਰਸ਼ਨ ਕਰਨ ਲਈ ਬਾਬਾ ਘਾਲਾ ਸਿੰਘ ਜੀ [ਨਾਨਕਸਰ ਕਲੇਰਾ ਦੇ ਮੁੱਖੀ], ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ, ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਬਾਬਾ ਜਸਵੀਰ ਸਿੰਘ ਲੋਹਾਰਾ, ਬਾਬਾ ਮਹਿੰਦਰ ਸਿੰਘ ਜਨੇਰ, ਡਾ. ਅਮਨਦੀਪ ਕੌਰ ਅਰੋੜਾ [ਐਮ.ਐਲ.ਏ. ਮੋਗਾ], ਅੰਮ੍ਰਿਤਪਾਲ ਸਿੰਘ ਸੁਖਾਨੰਦ [ਐਮ.ਐਲ.ਏ. ਬਾਘਾ ਪੁਰਾਣਾ], ਭਵਨਦੀਪ ਸਿੰਘ ਪੁਰਬਾ [ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ], ਡਾ. ਰਾਕੇਸ਼ ਅਰੋੜਾ, ਗੁਰਮੇਲ ਸਿੰਘ ਪੁਰਬਾ [ਰਿਟਾ: ਏ.ਈ.ਓ. ਯੂਨਾਈਟਿਡ ਇੰਡੀਆ], ਬਲਜਿੰਦਰ ਸਿੰਘ ਗੋਰਾ ਖੁਖਰਾਣਾ, ਮਨਮੋਹਨ ਸਿੰਘ ਚੀਮਾ, ਗਿਆਨੀ ਪਰਮਿੰਦਰ ਸਿੰਘ, ਗਿਆਨੀ ਰਾਜਵਿੰਦਰ ਸਿੰਘ, ਮਨਜੀਤ ਸਿੰਘ ਮੱਲਾ, ਗੁਰਦੀਪ ਸਿੰਘ ਮੋਹਣੀ ਮੰਡੀਰਾਂ, ਗੁਰਵਿੰਦਰ ਸਿੰਘ ਸੰਧੂ, ਲਵਪ੍ਰੀਤ ਸਿੰਘ, ਹੈਪੀ, ਬਾਬਾ ਸੁਖਦੇਵ ਸਿੰਘ ਰਣੀਏ ਵਾਲੇ, ਬਾਬਾ ਅਮਰਜੀਤ ਸਿੰਘ ਗਾਲਬ ਖੁਰਦ, ਬਾਬਾ ਸੁਰਜੀਤ ਸਿੰਘ ਮਹਿਰੋ, ਭਾਈ ਇਕਬਾਲ ਸਿੰਘ ਲੰਗੇਆਣਾ, ਬਾਬਾ ਕੁਲਵਿੰਦਰ ਸਿੰਘ ਜੇਮਲਵਾਲਾ, ਬਾਬਾ ਚਮਕੌਰ ਸਿੰਘ ਭਾਈਰੂਪਾ, ਬਾਬਾ ਬਲਕਾਰ ਸਿੰਘ ਘੱਲੀਆ, ਬਾਬਾ ਸਤਨਾਮ ਸਿੰਘ ਰਾਜੇਆਣਾ, ਬਾਬਾ ਛਿੰਦਰਦਾਸ ਪੰਜਗਰਾਈ, ਬਾਬਾ ਕੁਲਵੰਤ ਸਿੰਘ ਸਮਾਧਭਾਈ, ਜਗਰਾਜ ਸਿੰਘ ਲੋਹਾਰਾ, ਅਵਤਾਰ ਸਿੰਘ ਸਾਹੋਕੇ, ਰਾਜਵਿੰਦਰ ਸਿੰਘ ਸਾਹੋਕੇ, ਰਾਜ ਸਿੰਘ ਝੰਡੇਵਾਲਾ, ਕੇਵਲ ਸਿੰਘ ਸਾਫੂਵਾਲਾ, ਭਾਈ ਰਣਜੀਤ ਸਿੰਘ ਲੰਗੇਆਣਾ, ਗੂੰਬੀ ਬਲਵੰਤ ਸਿੰਘ ਚੋਟੀਆ, ਸਰਪੰਚ ਹਰਭਜਨ ਸਿੰਘ ਬਹੋਨਾ ਆਦਿ ਸੰਤਾ ਮਹਾਪੁਰਖਾਂ, ਰਾਜਨੀਤਿਕ, ਸਮਾਜਿਕ ਸਖਸ਼ੀਅਤਾਂ ਅਤੇ ਹਜ਼ਾਰਾ ਸੰਗਤਾ ਹਾਜ਼ਰ ਹੋਈਆ।



ਬਾਬਾ ਬਲਦੇਵ ਸਿੰਘ ਜੀ ਦੇ ਅੰਗੀਠੇ ਦੀ ਰਸਮ 13 ਜੁਲਾਈ 2022 ਨੂੰ ਸੁਬਾ 10.00 ਵਜੇ ਨਾਨਕਸਰ ਠਾਠ ਮੰਡੀਰਾ ਵਿਖੇ ਹੋਈ। 22 ਜੁਲਾਈ 2022 ਨੂੰ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਦੀਆਂ ਅਸਥੀਆਂ ਨਾਨਕਸਰ ਕਲੇਰਾ ਦੇ ਮੁੱਖੀ ਸੰਤ ਬਾਬਾ ਘਾਲਾ ਸਿੰਘ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਮੌਜੂਦਾ ਮੁੱਖ ਸੇਵਾਦਾਰ ਬਾਬਾ ਰਮਨਦੀਪ ਸਿੰਘ ਅਤੇ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਦੀ ਅਗਵਾਈ ਵਿੱਚ ਨਾਨਕਸਰ ਠਾਠ ਹਰੀਕੇ ਵਿਖੇ ਜਲ ਪ੍ਰਵਾਹ ਕੀਤੀਆਂ ਗਈਆਂ। ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਲੰਮਾ ਕਾਫਲਾ ਗੁਰੂ



ਨਾਨਕ ਦਰਬਾਰ [ਨਾਨਕਸਰ ਠਾਠ] ਮੰਡੀਰਾਂ ਤੋਂ ਆਰੰਭ ਹੋ ਕੇ ਹਰੀਕੇ ਪੱਤਨ ਤੱਕ ਪਹੁੰਚਿਆ। ਬਾਬਾ ਮੋਹਰ ਸਿੰਘ ਜੀ ਨਾਨਕਸਰ ਵਾਲਿਆਂ ਨੇ ਇਸ ਕਾਫਲੇ ਨੂੰ ਨਾਨਕਸਰ ਠਾਠ ਮੰਡੀਰਾਂ ਤੋਂ ਵਿਦਾ ਕੀਤਾ। ਸੈਂਕੜੇ ਸੰਗਤਾਂ ਨੇ ਨਾਨਕਸਰ ਠਾਠ ਹਰੀਕੇ ਪੱਤਨ ਪਹੁੰਚ ਕੇ ਨਮ ਅੱਖਾਂ ਰਾਹੀਂ ਬਾਬਾ ਜੀ ਦੀਆਂ ਅਸਥੀਆਂ ਨੂੰ ਜਲ ਪ੍ਰਵਾਹ ਕੀਤਾ। ਇਸ ਕਾਫਲੇ ਦੇ ਨਾਲ ਭਵਨਦੀਪ ਸਿੰਘ ਪੁਰਬਾ [ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ], ਸੀਨੀਅਰ ਪੱਤਰਕਾਰ ਰਾਜਿੰਦਰ ਸਿੰਘ ਕੋਟਲਾ, ਸ. ਅਮਰਜੀਤ ਸਿੰਘ ਫਰੀਦਕੋਟ, ਇਕਬਾਲ ਸਿੰਘ ਗਿੱਲ, ਬਲਦੇਵ ਸਿੰਘ ਗਿੱਲ, ਕਰਮ ਸਿੰਘ ਗਰੇਵਾਲ, ਵਸਾਖਾ ਸਿੰਘ ਕੈਨੇਡਾ, ਦਵਿੰਦਰ ਸਿੰਘ ਆਲਮਵਾਲਾ, ਗੋਰਾ ਸਿੰਘ ਲੋਹਾਰਾ, ਗੂੰਬੀ ਬਲਵੰਤ ਸਿੰਘ, ਗੁਰਨਾਮ ਸਿੰਘ ਮੋਹਣੀ, ਗੁਰਵਿੰਦਰ ਸਿੰਘ ਸੰਧੂ, ਲਵਲੀ ਸਿੰਘ, ਹੈਪੀ ਭੱਟੀ, ਰਾਜ ਸਿੰਘ ਝੰਡੇਵਾਲਾ, ਕੇਵਲ ਸਿੰਘ ਸਾਫੂਵਾਲਾ, ਕਾਕਾ ਸਿੰਘ ਮਹਿਰੋ, ਕੀਪਾ ਫੇਰੋਕੇ, ਜੀਤਾ ਬਾਘਾਪੁਰਾਣਾ, ਭਾਈ ਸਰੂਪ ਸਿੰਘ ਭਲੂਰ ਆਦਿ ਨੇ ਹਾਜ਼ਰ ਹੋ ਕੇ ਆਪਣੀਆਂ ਵਿਸ਼ੇਸ਼ ਸੇਵਾਵਾਂ ਨਿਭਾਈਆਂ।




7 ਰੋਜ਼ਾ 30ਵਾਂ ਸਲਾਨਾ ਸੰਤ ਸਮਾਗਮ
9 ਸਤੰਬਰ 2022 ਦਿਨ ਸ਼ੁਕਰਵਾਰ ਤੋਂ 15 ਸਤੰਬਰ 2022 ਦਿਨ ਵੀਰਵਾਰ ਤੱਕ
ਗੁ. ਸਾਹਿਬ ਤਪ ਅਸਥਾਨ ਸੰਤ ਬਾਬਾ ਪਾਲਾ ਸਿੰਘ ਜੀ ਕੜਿਆਲ ਵਿਖੇ
ਮੁੱਖ ਸੇਵਾਦਾਰ ਬਾਬਾ ਪਵਨਦੀਪ ਸਿੰਘ ਜੀ ਦੀ ਦੇਖ-ਰੇਖ ਵਿੱਚ ਮਨਾਇਆ ਜਾਵੇਗਾ।



ਸਪਤਾਹਿਕ ਪਾਠ ਦੇ ਭੋਗ 15 ਸਤੰਬਰ ਦਿਨ ਵੀਰਵਾਰ ਨੂੰ ਸਵੇਰੇ 8 ਵਜੇ ਪੈਣਗੇ, ਉਪਰੰਤ ਸ਼ਾਮ 4 ਵਜੇ ਤੱਕ ਦੀਵਾਨ ਸਜਣਗੇ।

ਰਾਤ ਦੇ ਦੀਵਾਨ
ਮਿਤੀ 9, 10, 11, 12, 13, 14 ਸਤੰਬਰ 2022 ਤੱਕ ਰਾਤ 7 ਤੋਂ 11 ਵਜੇ ਤੱਕ ਦੀਵਾਨ ਸਜਣਗੇ।



'ਇਤਿਹਾਸ ਏ ਖਾਲਸਾ ਸਿੱਖ ਅਜਾਇਬ ਘਰ'
ਤਪ ਅਸਥਾਨ ਵਿਖੇ ਖਾਲਸੇ ਦੇ ਸ਼ਾਨਾ ਮੱਤੇ ਇਤਿਹਾਸ ਨੂੰ ਦਰਸਾਉਂਦਾ ਹੋਇਆ 'ਸਿੱਖ ਅਜਾਇਬ ਘਰ ਇਤਿਹਾਸ ਏ ਖਾਲਸਾ' ਦੀ ਸੇਵਾ ਚਲ ਰਹੀ ਹੈ।



ਗੁਰੂਘਰ ਦੇ ਸੇਵਾਦਾਰ: ਬਾਬਾ ਪਵਨਦੀਪ ਸਿੰਘ ਜੀ ਕੜਿਆਲ ਵਾਲੇ ਅਤੇ
ਸਮੂਹ ਸੰਗਤ ਗੁਰਦੁਆਰਾ ਸੰਤ ਬਾਬਾ ਪਾਲਾ ਸਿੰਘ ਜੀ ਕੜਿਆਲ (ਧਰਮਕੋਟ) ਜਿਲ੍ਹਾ ਮੋਗਾ
ਮੋ. 99140-13767, 94632-75194, 78372-62078


Scanned with CamScanner




# ਘਰਾਂ ਵਿੱਚੋਂ ਅਲੋਪ ਹੋ ਗਈ ਹੈ ਮਿੱਟੀ ਦੇ ਚੁੱਲ੍ਹਿਆਂ ਦੀ ਮਹਿਕ

ਗਗਨਦੀਪ ਧਾਲੀਵਾਲ,
ਝਲੂਰ (ਬਰਨਾਲਾ)
ਸੰਪਰਕ 99889-33161





# ਚੁਬੱਚੇ 'ਚ ਨਹਾਉਣ ਦਾ ਨਜ਼ਾਰਾ ਕੁੱਝ ਹੋਰ ਸੀ

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ ਸਾਡਾ ਪੰਜਾਬੀ ਵਿਰਸਾ

007





E-mail: mehakwatandi@rediffmail.com, Help Line: (+91)-9988-82-0988






# ਕਿਉਂ ਚੂੰਡੀਆਂ ਵੱਢਦੀ ਆ ਫਿਲਮ ਲਾਲ ਸਿੰਘ ਚੱਢਾ ?

## ਫਿਲਮ ਲਾਲ ਸਿੰਘ ਚੱਢਾ '84 ਦੇ ਸਾਕਾ ਨੀਲਾ ਤਾਰਾ ਤੇ ਦਿੱਲੀ 'ਚ ਸਿੱਖ ਨਸਲਕੁਸ਼ੀ ਦੀ ਗੱਲ ਕਰਦੀ ਆ !

**ਮਨਜੀਤ ਸਿੰਘ ਸਰਾਂ \ ਟਰਾਂਟੋ**

ਅਸੀਂ ਹਾਲ ਹੀ 'ਚ ਰਿਲੀਜ਼ ਹੋਈ ਅਮੀਰ ਖਾਨ ਦੀ ਚਰਚਿਤ ਫਿਲਮ 'ਲਾਲ ਸਿੰਘ ਚੱਢਾ' ਦੀ ਗੱਲ ਕਰਨ ਜਾ ਰਹੇ ਹਾਂ। ਮੈਂ ਫਿਲਮ ਦਾ ਰਿਵਿਊ ਨਹੀਂ ਲਿਖ ਰਿਹਾ ਹਾਂ। ਫਿਲਮ ਹਿੱਟ ਰਹੀ ਜਾਂ ਫਲਾਪ.. ਸਾਡਾ ਇਹ ਸਵਾਲ ਨਹੀਂ ਹੈ ? ਨਾਂ ਹੀ ਸਾਡਾ ਇਹ ਮਤਲਬ ਹੈ ਕਿ ਫਿਲਮ ਘਾਟੇ 'ਚ ਰਹੀ ਜਾਂ ਕਿੰਨਾ ਮੁਨਾਫਾ ਕਮਾਇਆ। ਸੋਚਣ ਵਾਲੀ ਗੱਲ ਹੈ ਕਿ ਫਿਲਮ ਲਾਲ ਸਿੰਘ ਚੱਢਾ ਕੇਂਦਰ 'ਚ ਬੈਠੀ ਸਰਕਾਰ ਦੇ ਜਖਮਾਂ ਤੇ ਲਾਲ ਮਿਰਚਾਂ ਵਾਂਗ ਕਿਉਂ ਲੱਗੀ ? ਸਰਕਾਰ ਜਾਂ ਘੱਟ ਗਿਣਤੀ ਲੋਕਾਂ ਨੂੰ ਕੁਚਲਣ ਵਾਲੀਆਂ ਜਮਾਤਾਂ ਦੇ ਕਿਉਂ ਚੂੰਡੀਆਂ ਵੱਢਦੀ ਆ ਫਿਲਮ ਲਾਲ ਸਿੰਘ ਚੱਢਾ? ਇਸ ਫਿਲਮ ਦੇ ਨਿਰਮਾਤਾ ਤੇ ਅਦਾਕਾਰ ਅਮੀਰ ਖਾਨ ਨੂੰ ਜਿੱਥੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਉੱਥੇ ਨਫਰਤੀ ਜਮਾਤਾਂ ਉਸ ਨੂੰ ਭਾਰਤ ਛੱਡ ਕੇ ਪਾਕਿਸਤਾਨ ਜਾਣ ਦੀਆਂ ਗੱਲਾਂ ਕਰ ਰਹੀਆਂ ਹਨ ਕਿਉਂਕਿ ਫਿਲਮ ਗੱਲ ਕਰਦੀ ਆ 1984 ਦੇ "ਸਾਕਾ ਨੀਲਾ ਤਾਰਾ" ਦੀ। ਫਿਲਮ ਗੱਲ ਕਰਦੀ ਆ "ਦਿੱਲੀ 'ਚ ਹੋਈ ਸਿੱਖ ਨਸਲਕੁਸ਼ੀ" ਦੀ ਕੋਸ਼ਿਸ਼ ਦੀ ਤੇ ਫਿਲਮ ਕਰਦੀ ਆ "ਅਡਵਾਨੀ ਦੀ ਰੱਥ ਯਾਤਰਾ" ਦੀ। ਇਸ ਲਈ ਫਿਲਮ ਬਾਰੇ ਕੂੜ ਪ੍ਰਚਾਰ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਫਿਲਮ 'ਚ ਦੱਸਿਆ ਗਿਆ ਕਿ ਜਦੋਂ 'ਸਾਕਾ ਨੀਲਾ ਤਾਰਾ' ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਤੇ ਗੋਲੇ ਦਾਗੇ ਗਏ ਸੀ ਤੇ ਗਲੀਆਂ 'ਚ ਫਿਰਦੀ ਫੌਜ ਨੂੰ ਦੇਖ ਕੇ ਬੱਚੇ ਮਾਨਸਿਕ ਤੌਰ ਤੇ ਅਪਾਹਜ਼ ਹੋ ਗਏ ਸਨ। ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਦਿੱਲੀ 'ਚ ਲਾਲ ਸਿੰਘ ਚੱਢਾ ਦੀ ਮਾਂ ਉਸ ਨੂੰ ਸਕੂਲ ਵਿੱਚ ਦਾਖਲ ਕਰਾਉਣ ਗਈ ਤਾਂ ਦੇਖਿਆ ਕਿ ਕੁੱਝ ਵਹਿਸ਼ੀ ਲੋਕ ਸਿੱਖਾਂ ਦੇ ਗੱਲਾਂ 'ਚ ਟਾਇਰ ਪਾ ਕੇ ਸਿੱਖਾਂ ਨੂੰ ਅੱਗਾਂ ਲਾ ਰਹੇ ਸਨ ਤੇ ਲਾਲ ਸਿੰਘ ਚੱਢਾ ਦੀ ਮਾਂ ਨੇ ਇੱਕ ਸ਼ੀਸ਼ੇ ਦੇ ਟੁਕੜੇ ਨਾਲ ਆਪਣੇ ਬੱਚੇ ਦੇ ਕੇਸ ਇਸ ਲਈ ਕੱਟ ਦਿੱਤੇ ਸਨ ਕਿ ਬੱਚੇ ਦੀ ਪਹਿਚਾਣ ਨਾਂ ਹੋ ਸਕੇ ਕਿ ਉਹ ਸਿੱਖ ਧਰਮ ਦਾ ਬੱਚਾ ਹੈ। ਫਿਲਮ 'ਚ ਦਿਖਾਇਆ ਗਿਆ ਹੈ ਕਿ ਕਿਵੇਂ ਦਿੱਲੀ 'ਚ ਸਿੱਖ ਨਸਲਕੁਸ਼ੀ ਤੋਂ ਬਾਅਦ ਸੱਤਾ ਹਥਿਆਉਣ ਲਈ ਬੀ.ਜੇ.ਪੀ. ਨੇ ਅਡਵਾਨੀ ਸਾਹਿਬ ਦੀ ਰੱਥ ਦਾ ਪ੍ਰਭਾਵ ਘੱਟ ਗਿਣਤੀਆਂ ਤੇ ਪਾਉਣ ਦੀ ਕੋਸ਼ਿਸ਼ ਕੀਤੀ ਸੀ।

ਇਸ ਲਈ ਫਿਲਮ 'ਲਾਲ ਸਿੰਘ ਚੱਢਾ' ਸੱਤਾ ਤੇ ਕਾਬਿਜ਼ ਲੋਕਾਂ ਦੇ ਚੂੰਡੀਆਂ ਵੱਢਦੀ ਆ। ਫਿਲਮ ਕਿਤੇ ਨਾ ਕਿਤੇ ਸਿੱਖਾਂ ਨਾਲ ਹਮਦਰਦੀ ਜਿਤਾਉਂਦੀ ਨਜ਼ਰ ਆਉਂਦੀ ਹੈ ਤੇ ਇਸ ਲਈ ਸੱਤਾਧਾਰੀਆਂ ਤੇ ਜਾਨੂੰਨੀ ਲੋਕਾਂ ਦੀਆਂ ਅੱਖਾਂ 'ਚ ਲਾਲ ਮਿਰਚਾਂ ਵਾਂਗ ਰੜਕਦੀ ਨਜ਼ਰ ਆਈ ਹੈ। ਇਸ 'ਚ ਕੋਈ ਸ਼ੱਕ ਨਹੀਂ ਕਿ ਅਮੀਰ ਖਾਨ ਇੱਕ ਸੁਲਝਿਆ ਨਿਰਮਾਤਾ ਤੇ ਤਜ਼ਰਬੇਕਾਰ ਅਦਾਕਾਰ ਹੈ। ਜਿਸ ਨੇ ਆਪਣੀ ਜ਼ਿੰਦਗੀ ਦੀ ਕਮਾਈ ਪੂੰਜੀ ਇਸ ਫਿਲਮ ਤੇ ਲਾ ਦਿੱਤੀ ਹੈ। ਉਹ ਆਮ ਹੋਰ ਕਈ ਕਲਾਕਾਰਾਂ ਵਾਂਗ ਟੋਪੀ ਨੁਮਾ ਪੱਗ ਵਾਲਾ ਸਰਦਾਰ ਨਹੀਂ ਸਗੋਂ ਰੋਹਬ ਦਾਰ ਦਾਹੜੇ ਤੇ ਪ੍ਰਭਾਵ ਦਾਰ ਪੱਗ ਵਾਲਾ ਸਰਦਾਰ ਨਜ਼ਰ ਆਇਆ ਹੈ। ਫਿਲਮ ਖ਼ਿਲਾਫ਼ ਹੋ ਰਹੇ ਕੂੜ ਪ੍ਰਚਾਰ ਨੂੰ ਦੇਖ ਕੇ ਜਾਂ ਸੁਣ ਕੇ ਫਿਲਮ ਨੂੰ ਨਾਂ ਦੇਖਣ ਤੋਂ ਰਹਿ ਜਾਇਉ। ਅਜਿਹੀਆਂ ਫਿਲਮਾਂ ਇਤਿਹਾਸ ਦੇ ਪੰਨੇ ਬਣਦੀਆਂ ਹਨ। ਜੇਕਰ ਇੱਕ ਗੈਰ ਸਿੱਖ ਹੁੰਦੇ ਹੋਏ ਵੀ ਉਸ ਨੇ ਸਿੱਖਾਂ ਦਾ ਇੱਕ ਦਰਦਨਾਕ ਪੱਖ ਉਭਾਰਣ ਦੀ ਕੋਸ਼ਿਸ਼ ਕੀਤੀ ਹੈ ਤਾਂ ਸਾਡਾ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਉਸ ਇਨਸਾਨ ਦੇ ਨਾਲ ਖੜ੍ਹੀਏ।

# ਅੱਲੜ ਦਿਲਾਂ ਦੇ ਪਿਆਰ ਦੀ ਕਹਾਣੀ ਨੂੰ ਪਰਦੇ 'ਤੇ ਪੇਸ਼ ਕਰੇਗੀ ਪੰਜਾਬੀ ਫ਼ਿਲਮ 'ਸ਼ੱਕਰਪਾਰੇ'

**ਹਰਜਿੰਦਰ ਸਿੰਘ ਜਵੰਦਾ, ਮੋਬਾਇਲ 94638-28000**



ਮੌਜੂਦਾ ਦੌਰ ਦੇ ਸਿਨਮੇ ਵਿੱਚ ਨਿੱਤ ਦਿਨ ਬਦਲਾਓ ਨਜ਼ਰ ਆ ਰਿਹਾ ਹੈ। ਨਵੇਂ ਵਿਸ਼ਿਆਂ ਦੇ ਨਾਲ-ਨਾਲ ਨਵੇਂ ਖੂਬਸੂਰਤ ਕਲਾਵਾਨ ਚਿਹਰੇ ਪੰਜਾਬੀ ਪਰਦੇ ਦਾ ਸ਼ਿੰਗਾਰ ਬਣਨ ਜਾ ਰਹੇ ਹਨ। ਅਜਿਹੀ ਹੀ ਨਵੇਂ ਵਿਸ਼ੇ ਦੀ ਫਿਲਮ ਹੈ 'ਸ਼ੱਕਰਪਾਰੇ' ਜੋ ਬਹੁਤ ਪੰਜਾਬੀ ਦਰਸ਼ਕਾਂ ਦਾ ਮਨੋਰੰਜਨ ਕਰ ਰਹੀ ਹੈ। ਇਸ ਫ਼ਿਲਮ ਦਾ ਟਰੇਲਰ ਵੇਖਦਿਆਂ ਹੀ ਕਹਿ ਸਕਦੇ ਹਾਂ ਕਿ ਇਹ ਫਿਲਮ ਮਨੋਰੰਜਨ ਭਰਪੂਰ ਮਸਾਲਾ ਹੈ। ਫਿਲਮ ਦੇ ਹਰੇਕ ਕਲਾਕਾਰ ਨੇ ਆਪਣੀ ਬਾਕਮਾਲ ਅਦਾਕਾਰੀ ਦੀ ਪੇਸ਼ਕਾਰੀ ਕੀਤੀ ਹੈ।

ਫਿਲਮ ਦੇ ਟਾਇਟਲ ਦੀ ਗੱਲ ਕਰੀਏ ਤਾਂ 'ਸ਼ੱਕਰਪਾਰੇ' ਪੰਜਾਬ ਦੀ ਰਵਾਇਤੀ ਮਿਠਾਈ ਦਾ ਨਾਂ ਹੈ, ਜਿਸਦੀ ਮਹਿਕ ਅਤੇ ਮਿਠਾਸ ਬਿਨਾਂ ਕੋਈ ਵੀ ਵਿਆਹ ਅਧੂਰਾ ਹੁੰਦਾ ਹੈ। ਪੰਜਾਬੀ ਸਿਨਮੇ ਵਿੱਚ 'ਸ਼ੱਕਰਪਾਰੇ' ਦੀ ਸਮੂਲੀਅਤ ਦਰਸ਼ਕਾਂ ਨੂੰ ਇੱਕ ਨਵੇਂ ਮਨੋਰੰਜਨ ਭਰੇ ਸੁਆਦ ਨਾਲ ਜੋੜ ਰਹੀ ਹੈ। ਗੋਲਡਨ ਕੀ ਐਂਟਰਟੇਨਮੈਂਟ ਦੇ ਬੈਨਰ ਹੇਠ ਨਿਰਮਾਤਾ ਵਿਸ਼ਨੂ ਕੇ ਪੌਡਰ ਅਤੇ ਪੁਨੀਤ ਚਾਵਲਾ ਦੀ ਇਸ ਫਿਲਮ ਦਾ ਹੀਰੋ ਇਕਲਵਿਆ ਪਦਮ ਹੈ ਜੋ ਇਸ ਫਿਲਮ ਰਾਹੀਂ ਆਪਣੇ ਫਿਲਮੀ ਸਫ਼ਰ ਦਾ ਆਗਾਜ਼ ਕਰ ਰਹੇ ਹਨ। ਨਿਰਦੇਸ਼ਕ ਵਰੁਣ ਐਸ ਖੰਨਾ ਦਾ ਕਹਿਣਾ ਹੈ ਕਿ ਇਸ ਨਿਵੇਕਲੀ ਫ਼ਿਲਮ ਦੀ ਕਹਾਣੀ ਮੌਜੂਦਾ ਸਿਨਮੇ ਤੋਂ ਬਹੁਤ ਹੱਟਵੀਂ ਅਤੇ ਦਿਲਚਸਪ ਹੈ।

ਪਿਆਰ-ਮੁਹੱਬਤ ਅਤੇ ਕਾਮੇਡੀ ਨਾਲ ਭਰਪੂਰ ਫ਼ਿਲਮ 'ਸ਼ੱਕਰਪਾਰੇ' ਵਿੱਚ ਇਕਲਵਿਆ ਪਦਮ ਤੇ ਲਵ ਗਿੱਲ ਦੀ ਖੂਬਸੂਰਤ ਜੋੜੀ ਨੇ ਮੁੱਖ ਭੂਮਿਕਾ ਨਿਭਾਈ ਹੈ ਜਦਕਿ ਸਰਦਾਰ ਸੋਹੀ, ਸਵਿੰਦਰ ਮਾਹਲ, ਨਿਰਮਲ ਰਿਸ਼ੀ, ਸੀਮਾ ਕੌਸ਼ਲ, ਹਨੀ ਮੱਟੂ, ਦਿਲਾਵਰ ਸਿੱਧੂ, ਰਮਨਦੀਪ ਜੱਗਾ, ਅਰਸ਼ ਹੁੰਦਲ, ਰੋਨੀ ਸੱਗੂ ਅਤੇ ਮੋਨਿਕਾ ਆਦਿ ਅਹਿਮ ਕਿਰਦਾਰਾਂ ਵਿੱਚ ਨਜ਼ਰ ਆਏ ਹਨ। ਇਸ ਫ਼ਿਲਮ ਵਿੱਚ ਇੱਕ ਪਿਆਰੇ ਜਿਹੇ ਕਤੂਰੇ ਦਾ ਵੀ ਅਹਿਮ ਕਿਰਦਾਰ ਹੈ। ਵੇਖਣ ਵਾਲੀ ਗੱਲ ਹੈ ਕਿ ਇਹ ਕਤੂਰਾ ਫ਼ਿਲਮ ਵਿਚਲੇ ਦੋ ਪ੍ਰੇਮੀਆਂ ਨੂੰ ਮਿਲਾਉਂਦਾ ਹੈ ਜਾਂ ਫਿਰ ਪਿਆਰ ਵਿੱਚ ਰੋੜਾ ਬਣਦਾ ਹੈ। ਫ਼ਿਲਮ ਦੀ ਹੀਰੋਇਨ ਦੀ ਗੱਲ ਕਰੀਏ ਤਾ ਅਦਾਕਾਰਾ ਲਵ ਗਿੱਲ ਇੱਕ ਜਾਣੀ ਪਛਾਣੀ ਅਦਾਕਾਰਾ ਹੈ। ਜਿਸਨੇ ਇਸ ਤੋਂ ਪਹਿਲਾਂ ਛੋਟੇ ਪਰਦੇ ਦੇ ਅਨੇਕਾਂ ਲੜੀਵਾਰਾਂ ਤੋਂ ਇਲਾਵਾ ਪੰਜਾਬੀ ਫ਼ਿਲਮ 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ' ਵਿੱਚ ਵੀ ਮੁੱਖ ਭੂਮਿਕਾ ਨਿਭਾਈ ਹੈ। ਫਿਲਮ ਦਾ ਹੀਰੋ ਇਕਲਵਿਆ ਪਦਮ ਵੀ ਕਮਾਲ ਦਾ ਅਦਾਕਾਰ ਹੈ। ਉਸਨੇ ਇਸ ਫਿਲਮ ਰਾਹੀਂ ਵੱਡੇ ਪਰਦੇ ਵੱਲ ਕਦਮ ਵਧਾਇਆ ਹੈ। ਫ਼ਿਲਮ ਦੀ ਕਹਾਣੀ ਵਿਵੇਕ ਮਿਸ਼ਰਾ ਨੇ ਲਿਖੀ ਹੈ। ਡਾਇਲਾਗ ਜੱਸੀ ਢਿੱਲੋਂ ਅਤੇ ਸਰਬਜੀਤ ਸੰਧੂ ਨੇ ਲਿਖੇ ਹਨ। ਇਸ ਫ਼ਿਲਮ ਦੀ ਸੂਟਿੰਗ ਚੰਡੀਗੜ੍ਹ, ਮੋਹਾਲੀ ਅਤੇ ਮਨਾਲੀ ਦੀਆਂ ਸ਼ਾਨਦਾਰ ਲੁਕੇਸ਼ਨਾਂ 'ਤੇ ਕੀਤੀ ਗਈ ਹੈ।



# ਰੋਮਾਂਸ, ਕਮੇਡੀ ਤੇ ਸ਼ਰਾਰਤਾਂ ਭਰਪੂਰ ਦਿਲਚਸਪ ਕਹਾਣੀ ਵਾਲੀ ਫ਼ਿਲਮ 'ਸਹੁਰਿਆਂ ਦਾ ਪਿੰਡ ਆ ਗਿਆ'

**ਹਰਜਿੰਦਰ ਸਿੰਘ ਜਵੰਦਾ, ਮੋਬਾਇਲ 94638-28000**

ਗੁਰਨਾਮ ਭੁੱਲਰ ਜਿੰਨਾ ਵਧੀਆ ਗਾਇਕ ਹੈ ਉਨਾ ਹੀ ਵਧੀਆ ਅਦਾਕਾਰ ਵੀ। ਆਪਣੀਆਂ ਕੁਝ ਕੁ ਫਿਲਮਾਂ ਸਦਕਾ ਹੀ ਉਹ ਅੱਜ ਸਟਾਰ ਕਲਾਕਾਰਾਂ ਦੀ ਕਤਾਰ ਵਿੱਚ ਹੈ। ਪਿਛਲੇ ਦਿਨਾਂ ਵਿੱਚ ਰਿਲੀਜ਼ ਫ਼ਿਲਮ 'ਲੇਖ' ਨੇ ਵੇਖਦਿਆਂ ਉਸਦੀ ਕਲਾ ਕੇ ਅਨੇਕਾਂ ਰੰਗ ਉੱਭਰ ਕੇ ਸਾਹਮਣੇ ਆਏ। ਉਸਦੀ ਜੋੜੀ ਅੱਜ ਦੀ ਹਰੇਕ ਸੁਪਰਸਟਾਰ ਨਾਲ ਫਿੱਟ ਬਹਿੰਦੀ ਹੈ। ਤਾਨੀਆ, ਸੁਰਗੁਣ ਮਹਿਤਾ, ਸੋਨਮ ਬਾਜਵਾ ਉਸਦੀਆਂ ਵੱਖ ਵੱਖ ਫ਼ਿਲਮਾਂ ਵਿੱਚ ਹੀਰੋਇਨਾਂ ਰਹੀਆਂ। ਜੇਕਰ ਗੁਰਨਾਮ ਭੁੱਲਰ ਦੀ ਨਵੀਂ ਫ਼ਿਲਮ 'ਸਹੁਰਿਆਂ ਦਾ ਪਿੰਡ ਆ ਗਿਆ' ਦੀ ਗੱਲ ਕਰੀਏ ਤਾਂ ਇਸ ਫ਼ਿਲਮ ਵਿੱਚ ਉਸਦੀ ਨਾਇਕਾ ਸਰਗੁਣ ਮਹਿਤਾ ਹੈ ਜੋ ਉਸ ਨਾਲ ਪਹਿਲਾਂ ਸੁਪਰ ਹਿੱਟ ਫ਼ਿਲਮ 'ਸੁਰਖੀ ਬਿੰਦੀ' ਵੀ ਕਰ ਚੁੱਕੀ ਹੈ।

ਫ਼ਿਲਮ 'ਸਹੁਰਿਆਂ ਦਾ ਪਿੰਡ ਆ ਗਿਆ' ਇਹ ਫ਼ਿਲਮ ਪਿਆਰ ਮੁਹੱਬਤ ਵਿੱਚ ਕੱਚੀ ਉਮਰੇ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਚਾਹਤ ਭਰੀ ਰੁਮਾਂਟਿਕ ਤੇ ਮਨੋਰੰਜਨ ਭਰਪੂਰ ਕਹਾਣੀ ਹੈ। ਅੰਬਰਦੀਪ ਵਲੋਂ ਲਿਖੀ ਇਸ ਫ਼ਿਲਮ ਨੂੰ ਸ਼ਿਤਿਜ ਚੌਧਰੀ ਨੇ ਡਾਇਰੈਕਟ ਕੀਤਾ ਹੈ। ਫ਼ਿਲਮ ਵਿੱਚ ਗੁਰਨਾਮ ਭੁੱਲਰ, ਸਰਗੁਣ ਮਹਿਤਾ, ਜੱਸ ਬਾਜਵਾ, ਜੈਸਮੀਨ ਬਾਜਵਾ, ਸ਼ਿਵਿਕਾ ਦੀਵਾਨ, ਪਰਮਿੰਦਰ ਕੌਰ ਗਿੱਲ ਤੇ ਹਰਦੀਪ ਗਿੱਲ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੇ ਗੀਤ ਬਹੁਤ ਵਧੀਆ ਹਨ। ਫ਼ਿਲਮ ਦੀ ਕਹਾਣੀ 90 ਦੇ ਦਹਾਕੇ ਦੇ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਨੂੰ ਦਰਸਾਉਂਦੀ ਪਿਆਰ ਦੀ ਉਲਝਣ ਭਰੀ ਕਹਾਣੀ ਹੈ, ਜਦੋਂ ਮਾਪਿਆਂ ਨਾਲ ਰਿਸ਼ਤੇ ਬਾਰੇ ਗੱਲ ਕਰਨ ਦੀ ਅੱਜ ਵਾਂਗ ਖੁੱਲ੍ਹ ਨਹੀਂ ਸੀ ਹੁੰਦੀ। ਫ਼ਿਲਮ ਦਾ ਨਾਇਕ ਕਿਸੇ ਵਿਚੋਲੇ ਹੱਥ ਕੁੜੀ ਵਾਲਿਆਂ ਦੇ ਘਰ ਆਪਣੇ ਰਿਸ਼ਤੇ ਦੀ ਪੇਸ਼ਕਸ਼ ਭੇਜਦਾ ਹੈ ਪਰ ਅਚਾਨਕ ਪਿੰਡ 'ਚ ਇਕੋ ਨਾਂ ਦੇ ਦੋ ਘਰ ਹੋਣ ਕਰਕੇ ਰਿਸ਼ਤਾ ਕਿਸੇ ਹੋਰ ਘਰ ਚਲਾ ਜਾਂਦਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਪਿਆਰ ਵਿੱਚ ਇੱਕ ਨਵੀਂ ਉਲਝਣ ਪੈ ਜਾਂਦੀ ਹੈ ਜਿਸ ਚੋਂ ਨਿਕਲਣ ਲਈ ਉਹ ਅਨੇਕਾਂ ਯਤਨ ਕਰਦੇ ਹਨ ਜੋ ਦਰਸ਼ਕਾਂ ਨੂੰ ਆਪਣੇ ਨਾਲ ਜੋੜਦੇ ਫ਼ਿਲਮ ਦੇ ਦਿਲਚਸਪ ਪਹਿਲੂ ਹਨ। ਸ੍ਰੀ ਨਰੋਤਮ ਜੀ ਫ਼ਿਲਮ ਪ੍ਰੋਡਕਸ਼ਨ, ਨਿਊ ਏਰਾ ਫ਼ਿਲਮਜ਼ ਅਤੇ ਬਾਲੀਵੁੱਡ ਹਾਈਟਸ ਦੇ ਸਹਿਯੋਗ ਨਾਲ ਜੀ ਸਟੂਡੀਓਜ਼ ਦੁਆਰਾ ਪੇਸ਼ ਕੀਤੀ ਗਈ ਹੈ।

Scanned with CamScanner

# ਨਾਟਕ ਕਲਾ ਨਾਲ ਜੁੜੀਆਂ ਅਹਿਮ ਸ਼ਖ਼ਸ਼ੀਅਤਾਂ ਵੱਲੋਂ ਭਵਨਦੀਪ ਸਿੰਘ ਪੁਰਬਾ ਦਾ ਨਾਟਕ ਸੰਗ੍ਰਹਿ 'ਖੰਭਾਂ ਦੀਆਂ ਡਾਰਾਂ' ਲੋਕ ਅਰਪਨ

## ਇਹ ਸਮਾਜਿਕ ਨਾਟਕ ਹਰ ਪਿੰਡ ਵਿੱਚ ਫਿਲਮਾਏ ਜਾਣੇ ਚਾਹੀਦੇ ਹਨ ਸਰਪੰਚ ਵੀਰ ਸਿੰਘ ਖੋਸਾ







ਮੋਗਾ\ ਮਨਮੋਹਨ ਸਿੰਘ ਚੀਮਾ

'ਮਹਿਕ ਵਤਨ ਦੀ ਲਾਈਵ' ਬਿਊਰੋ ਦੇ ਮੁੱਖ ਸੰਪਾਦਕ ਜਰਨਲਿਸਟ ਭਵਨਦੀਪ ਸਿੰਘ ਪੁਰਬਾ ਦਾ ਨਾਟਕ ਸੰਗ੍ਰਹਿ 'ਖੰਭਾਂ ਦੀਆਂ ਡਾਰਾਂ' ਨਾਟਕ ਕਲਾ ਨਾਲ ਸਬੰਧ ਰੱਖਣ ਵਾਲੀਆਂ ਮਾਣਯੋਗ ਸ਼ਖਸੀਅਤਾਂ ਵੱਲੋਂ ਪਿੰਡ ਖੋਸਾ ਕੋਟਲਾ ਵਿਖੇ ਦਰਸ਼ਕਾਂ ਦੇ ਭਾਰੀ ਇਕੱਠ ਵਿੱਚ ਲੋਕ ਅਰਪਨ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਗਾਇਕ ਗਿੱਲ ਕਮਲ ਨੇ ਦੱਸਿਆ ਕਿ 'ਮਹਿਕ ਵਤਨ ਦੀ ਲਾਈਵ' ਬਿਊਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਜਿਨ੍ਹਾਂ ਦਾ ਨਾਟਕ ਕਲਾ ਨਾਲ ਬਹੁਤ ਗਹਿਰਾ ਸਬੰਧ ਹੈ ਉਨ੍ਹਾਂ ਦੇ ਨਾਟਕ ਸੰਗ੍ਰਹਿ 'ਖੰਭਾਂ ਦੀਆਂ ਡਾਰਾਂ' ਨੂੰ ਨਾਟਕ ਕਲਾ ਨਾਲ ਸਬੰਧ ਰੱਖਣ ਵਾਲੀਆਂ ਮਾਣਯੋਗ ਸ਼ਖਸੀਅਤ ਸ. ਵੀਰ ਸਿੰਘ ਖੋਸਾ ਜੋ ਥੀਏਟਰ ਦੇ ਪ੍ਰਸਿੱਧ ਨਿਰਮਾਤਾ ਨਿਰਦੇਸ਼ਕ ਹਨ, ਪ੍ਰਸਿੱਧ ਲੋਕ ਗਾਇਕ ਹਰਮਿਲਾਪ ਸਿੰਘ ਗਿੱਲ, ਫਿਲਮ ਅਦਾਕਾਰ ਮਨਿੰਦਰ ਮੋਗਾ, ਅਦਾਕਾਰ ਇਕਬਾਲ ਸਿੰਘ ਖੋਸਾ, ਨਾਟਕਕਾਰ ਸੁਰਿੰਦਰ ਲੱਧੜ ਜੋ ਨੁਕੜ ਨਾਟਕ ਕਰਦੇ ਹਨ ਵੱਲੋਂ ਲੋਕ ਅਰਪਨ ਕੀਤਾ ਗਿਆ।

ਇਸ ਸਮਾਗਮ ਮੌਕੇ ਬੋਲਦਿਆਂ ਥੀਏਟਰ ਦੇ ਪ੍ਰਸਿੱਧ ਨਿਰਮਾਤਾ ਨਿਰਦੇਸ਼ਕ ਸ. ਵੀਰ ਸਿੰਘ ਖੋਸਾ ਨੇ ਕਿਹਾ ਕਿ ਭਵਨਦੀਪ ਸਿੰਘ ਪੁਰਬਾ ਵੱਲੋਂ ਲਿਖਿਆ ਗਿਆ ਨਾਟਕ ਸੰਗ੍ਰਹਿ 'ਖੰਭਾਂ ਦੀਆਂ ਡਾਰਾਂ' ਵਿੱਚ ਸਮਾਜਿਕ ਮੁੱਦਿਆਂ ਦੇ ਨਾਟਕ ਹਨ ਜੋ ਹਰ ਪਿੰਡ ਵਿੱਚ ਫਿਲਮਾਏ ਜਾਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਇਹ ਨਾਟਕ ਸੰਗ੍ਰਹਿ 'ਖੰਭਾਂ ਦੀਆਂ ਡਾਰਾਂ' ਥੀਏਟਰ ਨਾਲ ਸਬੰਧ ਰੱਖਣ ਵਾਲੇ ਕਲਾਕਾਰਾਂ ਨੂੰ ਸੌਖੇ ਢੰਗ ਨਾਲ ਨਾਟਕ ਫਿਲਮਾਉਣ ਲਈ ਉਨ੍ਹਾਂ ਨੂੰ ਚੰਗੀ ਸੇਧ ਦੇਵੇਗਾ।

ਫਿਲਮ ਅਦਾਕਾਰ ਮਨਿੰਦਰ ਮੋਗਾ, ਗਾਇਕ ਹਰਮਿਲਾਪ ਸਿੰਘ ਗਿੱਲ, ਅਦਾਕਾਰ ਇਕਬਾਲ ਸਿੰਘ ਖੋਸਾ ਨੇ ਨਾਟਕ ਸੰਗ੍ਰਹਿ 'ਖੰਭਾਂ ਦੀਆਂ ਡਾਰਾਂ' ਬਾਰੇ ਚਾਨਣਾ ਪਾਇਆ ਅਤੇ ਇਸ ਨਾਟਕ ਸੰਗ੍ਰਹਿ ਦੇ ਲੋਕ ਅਰਪਨ ਹੋਣ ਤੇ ਭਵਨਦੀਪ ਸਿੰਘ ਪੁਰਬਾ ਨੂੰ ਮੁਬਾਰਕਵਾਦ ਦਿੱਤੀ।

ਅੰਤ ਵਿੱਚ ਭਵਨਦੀਪ ਸਿੰਘ ਪੁਰਬਾ ਨੇ ਇਸ ਮੌਕੇ ਹਾਜਰ ਹੋਈਆਂ ਨਾਟਕ ਕਲਾ ਨਾਲ ਸਬੰਧ ਰੱਖਣ ਵਾਲੀਆਂ ਮਾਣਯੋਗ ਸ਼ਖਸੀਅਤਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।

# ਨੋਰਥ ਜੋਨ ਕਲਚਰਲ ਸੈਂਟਰ ਪਟਿਆਲਾ ਵੱਲੋਂ ਉੱਤਰੀ ਖੇਤਰ ਦੇ ਪਟਿਆਲਾ ਮੁੱਖ ਦਫਤਰ ਵਿਖੇ 'ਮਹਿਕ ਵਤਨ ਦੀ' ਗਰੁੱਪ ਦਾ ਸੋਵੀਨਰ ਰਿਲੀਜ਼

## ਇਸ ਸੋਵੀਨਰ ਵਿੱਚ 'ਮਹਿਕ ਵਤਨ ਦੀ ਗਰੁੱਪ' ਦੀਆਂ ਗਤੀਵਿਧੀਆਂ ਦੀਆਂ ਝਲਕਾਂ ਪੇਸ਼ ਕੀਤੀਆਂ ਗਈਆਂ ਹਨ ਭਵਨਦੀਪ ਸਿੰਘ ਪੁਰਬਾ



ਪਟਿਆਲਾ\ ਮਵਦੀਲਾ ਬਿਊਰੋ

ਨੋਰਥ ਜੋਨ ਕਲਚਰਲ ਸੈਂਟਰ ਪਟਿਆਲਾ ਵੱਲੋਂ 'ਹਰ ਘਰ ਤਰੰਗਾ' ਕੰਪੇਨ ਵਿੱਚ ਵਧੀਆ ਕਾਰਗੁਜਾਰੀ ਵਿਖਾਉਣ ਵਾਲੇ ਸਾਰੇ ਜਿਲ੍ਹਿਆਂ ਦੇ ਕੋਆਡੀਨੇਟਰ ਅਤੇ ਇਸ ਕੰਪੇਨ ਵਿੱਚ ਵਧੀਆ ਸੇਵਾਵਾਂ ਨਿਭਾਉਣ ਵਾਲੇ ਵਲੰਟੀਅਰਜ ਦੇ ਸਨਮਾਨ ਲਈ 15 ਅਗਸਤ ਮੌਕੇ ਉੱਤਰੀ ਖੇਤਰ ਸੱਭਿਆਚਾਰਕ ਕੇਂਦਰ ਦੇ ਮੁੱਖ ਦਫਤਰ ਪਟਿਆਲਾ ਵਿਖੇ ਇਕ ਖਾਸ ਸਮਾਗਮ ਹੋਇਆ।

ਇਸ ਸਮਾਗਮ ਮੌਕੇ ਮੋਗਾ ਜਿਲ੍ਹੇ ਦੀ 'ਮਹਿਕ ਵਤਨ ਦੀ ਫਾਉਂਡੇਸ਼ਨ ਸੋਸਾਇਟੀ' ਅਤੇ ਮੋਗਾ ਦੇ 'ਮਹਿਕ ਵਤਨ ਦੀ ਲਾਈਵ' ਬਿਊਰੋ ਦੀਆਂ ਗਤੀਵਿਧੀਆ ਦੀਆ ਝਲਕਾ ਨੂੰ ਪੇਸ਼ ਕਰਦਾ 'ਮਹਿਕ ਵਤਨ ਦੀ' ਗਰੁੱਪ ਦਾ ਸੋਵੀਨਰ ਨੋਰਥ ਜੋਨ ਕਲਚਰਲ ਸੈਂਟਰ ਪਟਿਆਲਾ ਦੇ ਸ੍ਰੀ ਰਾਵਿੰਦਰ ਸ਼ਰਮਾ ਵੱਲੋਂ ਰਿਲੀਜ ਕੀਤਾ ਗਿਆ। ਇਸ ਸਮਾਗਮ ਵਿੱਚ ਸੋਵੀਨਰ ਰਿਲੀਜ ਕਰਨ ਮੌਕੇ ਮਹਿਕ ਵਤਨ ਦੀ ਗਰੁੱਪ ਦੇ ਚੇਅਰਮੈਨ ਅਤੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ, ਮੋਗਾ ਜਿਲ੍ਹੇ ਦੇ ਕੋਆਡੀਨੇਟਰ ਮਨਿੰਦਰ ਮੋਗਾ, ਗਾਇਕ ਜਸ ਸਿੱਧੂ, ਪ੍ਰੋਫੈਸਰ ਮੇਜਰ ਸਿੰਘ ਚੱਠਾ, ਜਸਵਿੰਦਰ ਸਿੰਘ ਮਿੰਟਾ ਆਦਿ ਮੁੱਖ ਤੌਰ ਤੇ ਹਾਜਰ ਸਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ 'ਮਹਿਕ ਵਤਨ ਦੀ ਲਾਈਵ' ਬਿਊਰੋ ਦੇ ਮੁੱਖ ਸੰਪਾਦਕ ਸ. ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ ਇਸ ਸੋਵੀਨਰ ਵਿੱਚ 'ਮਹਿਕ ਵਤਨ ਦੀ ਗਰੁੱਪ' ਦੀਆਂ ਗਤੀਵਿਧੀਆ ਦੀ ਝਲਕਾਂ, ਸਹਿਯੋਗੀ ਸੱਜਣਾ ਮਿੱਤਰਾ ਦੀ ਕਾਰਗੁਜਾਰੀ ਪੇਸ਼ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਕੁੱਝ ਸਾਲਾਂ ਤੋਂ ਲਾਕ-ਡੋਨ ਹੋ ਜਾਣ ਕਾਰਨ ਇਹ ਸੋਵੀਨਰ ਪ੍ਰਕਾਸ਼ਿਤ ਨਹੀ ਕੀਤਾ ਜਾ ਸਕਿਆ ਸੀ। ਹੁਣ ਮਾਸਿਕ ਮੈਗਜੀਨ 'ਮਹਿਕ ਵਤਨ ਦੀ ਲਾਈਵ' ਦੇ ਨਾਲ-ਨਾਲ ਗਰੁੱਪ ਦੇ ਇਹ ਸਲਾਨਾ ਸੋਵੀਨਰ ਦੀ ਪ੍ਰਕਾਸ਼ਨਾ ਜਾਰੀ ਰਹੇਗੀ।

੧ੳ 卐 M: 98556-88072, 88728-09846 ✝ ☪
ਚਾਰੇ ਪਾਸੇ ਮਹਿਕਾਂ ਖਿਲਾਰਦਾ
ਮੇਰਾ ਮੋਗਾ ਵਈ, ਮੇਰਾ ਮੋਗਾ ਲਿਸ਼ਕਾਂ ਮਾਰਦਾ
ਸੁੱਖ ਰੱਖੀ ਮੇਰੇ ਪੰਜਾਬ ਨੂੰ ਸੁੱਖ ਰੱਖੀ ਮਾਲਕਾ
ਮਾਂ ਤੂੰ ਰੱਬ ਦਾ ਰੂਪ ਏ ਰੱਬ ਤੇਰੇ ਵਿੱਚ ਵਸਦਾ ਏ
ਲੋਕ ਚੇਤਨਾ ਕੇਂਦਰ
ਪ੍ਰੋ: ਗੀਤਕਾਰ ਡਾ: ਜਗਤਾਰ ਸਿੰਘ ਪਰੀਮਲ
(ਮਿਰਿਕ ਸਲਾਹਕਾਰ)
Regd. No. 8/40/179/7015
ਪਿੰਡ ਨਾਹਲ ਖੋਟੇ (ਡਾਕ ਤਾਰੇਵਾਲਾ) ਮੋਗਾ-142001

# ਨਾਮਵਰ ਸਾਹਿਤਕ ਸ਼ਖਸੀਅਤਾ ਦੀ ਹਾਜ਼ਰੀ ਵਿੱਚ ਲੇਖਿਕਾ ਹਰਜੀਤ ਕੌਰ ਗਿੱਲ ਦੀ ਪੁਸਤਕ 'ਜ਼ਿੰਦਗੀ ਦੇ ਰੰਗ' ਹੋਈ ਲੋਕ ਅਰਪਨ

## ਲੇਖਿਕਾ ਹਰਜੀਤ ਕੌਰ ਗਿੱਲ ਨੂੰ 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਦਿੱਤਾ ਗਿਆ ਸਨਮਾਨ ਪੱਤਰ





ਮੋਗਾ\ ਮਨਮੋਹਨ ਸਿੰਘ ਚੀਮਾ

ਕਿਸਾਨ ਅੰਦੋਲਨ ਵਿੱਚ ਕਾਫੀ ਸਰਗਰਮ ਰਹੀ ਹੋਣਹਾਰ ਲੇਖਿਕਾ ਹਰਜੀਤ ਕੌਰ ਗਿੱਲ ਦੀ ਦੂਸਰੀ ਪੁਸਤਕ 'ਜ਼ਿੰਦਗੀ ਦੇ ਰੰਗ' ਉਨ੍ਹਾਂ ਦੇ ਜਨਮ ਦਿਨ ਤੇ ਜੀਰਾ ਦੇ ਸ਼ਹਿਜਾਦਾ ਰਿਜੋਰਟ ਵਿਖੇ ਕਈ ਨਾਮਵਰ ਸਾਹਿਤਕ ਹਸਤੀਆਂ ਦੀ ਮੌਜੂਦਗੀ ਵਿੱਚ ਲੋਕ ਅਰਪਨ ਹੋਈ। ਇਸ ਪੁਸਤਕ ਦੇ ਰਿਲੀਜਿੰਗ ਸਮਾਗਮ ਵਿੱਚ ਸਾਹਿਤ ਸਭਾ ਜੀਰਾ ਦੇ ਤਕਰੀਬਨ 50 ਸਾਹਿਤਕਾਰਾਂ ਅਤੇ ਸੱਜਣਾ ਮਿੱਤਰਾਂ ਨੇ ਸ਼ਮੂਲੀਅਤ ਕੀਤੀ। ਲੇਖਿਕਾ ਹਰਜੀਤ ਕੌਰ ਗਿੱਲ, ਡਾ. ਗੁਰਚਰਨ ਸਿੰਘ ਨੂਰਪੁਰੀ, ਸੁਖਵਿੰਦਰ ਸਿੰਘ ਸ਼ਹਿਜਾਦਾ ਨੇ ਇਸ ਸਮਾਗਮ ਵਿੱਚ ਮੁੱਖ ਹੋਸਟ ਦੀ ਭੂਮਿਕਾ ਨਿਭਾਈ।

ਇਸ ਸਮਾਗਮ ਵਿੱਚ ਮੁੱਖ ਤੌਰ ਤੇ ਹਾਜਰ ਹੋਏ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਏਕਤਾ ਪ੍ਰਿੰਟਿੰਗ ਪ੍ਰੈਸ ਦੇ ਹਰਜੀਤ ਸਿੰਘ ਅਤੇ ਸੁਖਵਿੰਦਰ ਸਿੰਘ ਸ਼ਹਿਜਾਦਾ ਨੂੰ ਮੁੱਖ ਤੌਰ ਤੇ ਸਨਮਾਨਿਤ ਕੀਤਾ ਗਿਆ। ਨਗਰ ਕੌਂਸਲ ਮੋਗਾ ਦੇ ਸਾਬਕਾ ਪ੍ਰਧਾਨ ਡਾ. ਕੁਲਦੀਪ ਸਿੰਘ ਗਿੱਲ ਨੇ ਅਖੀਰ ਵਿੱਚ ਸ਼ਮੂਲੀਅਤ ਕਰਕੇ ਲੇਖਿਕਾ ਹਰਜੀਤ ਕੌਰ ਗਿੱਲ ਨੂੰ ਜਨਮ ਦਿਨ ਅਤੇ ਪੁਸਤਕ ਰਿਲੀਜ ਹੋਣ ਦੀ ਮੁਬਾਰਕਬਾਦ ਦਿੱਤੀ। 'ਜ਼ਿੰਦਗੀ ਦੇ ਰੰਗ' ਪੁਸਤਕ ਲੋਕ ਅਰਪਨ ਹੋਣ ਉਪਰੰਤ 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਲੇਖਿਕਾ ਹਰਜੀਤ ਕੌਰ ਗਿੱਲ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਦੀ ਸੇਵਾ ਅਮਰਜੀਤ ਸਨੇਰਵੀ ਨੇ ਬਾਖੂਬੀ ਨਿਭਾਈ।

ਹਾਜਰ ਹੋਏ ਸਾਹਿਤਕਾਰਾਂ ਵਿੱਚ ਲੇਖਿਕਾ ਸਮਾਜ ਸੇਵੀ ਡਾ ਸਰਬਜੀਤ ਕੌਰ ਬਰਾੜ, ਸਿਨੇਮਾ ਨਿਮਰ, ਪ੍ਰਸਿੱਧ ਲੇਖਕ ਅਸ਼ੋਕ ਚਟਾਨੀ, ਸਾਹਿਤਕਾਰ ਕਰਮਜੀਤ ਕੌਰ ਲੰਡੇਕੇ, ਕਰਮਜੀਤ ਕੌਰ ਮਾਣਕ, ਜਸਵਿੰਦਰ ਸਿੰਘ, ਵੀਰ ਸਿੰਘ ਵੀਰਾ, ਦਲਜੀਤ ਸਿੰਘ ਨੂਰਪੁਰ, ਹਰਦੀਪ ਸਿੰਘ, ਭਾਈ ਬਲਦੇਵ ਸਿੰਘ, ਸਤਪਾਲ ਖੁਲਰ, ਅਸ਼ੋਕ ਆਰਜੂ ਮਖੂ, ਜਰਨੈਲ ਸਿੰਘ ਭੁੱਲਰ, ਸੁਖਵਿੰਦਰ ਸਿੰਘ ਸ਼ਹਿਜਾਦਾ, ਅਮਰਜੀਤ ਸਨੇਰਵੀ, ਮੇਜਰ ਸਿੰਘ ਸੰਧੂ, ਗੁਰਮੀਤ ਭੁੱਲਰ, ਬਲਜੀਤ ਬਾਦਸ਼ਾਹ, ਹਰੀ ਦਾਸ ਚੌਹਾਨ, ਬਲਵੀਰ ਸਿੰਘ ਲੋਹਗੜ ਆਦਿ ਨੇ ਆਪਣੀ ਸਾਹਿਤਕ ਸਾਂਝ ਪਾਉਂਦੇ ਹੋਏ ਇਸ ਸਮਾਗਮ ਨੂੰ ਚਾਰ-ਚੰਨ ਲਾਏ। ਇਸ ਮੌਕੇ ਮਨਮੋਹਨ ਸਿੰਘ ਚੀਮਾ, ਚੰਨਪ੍ਰੀਤ ਸਿੰਘ ਆਦਿ ਵੀ ਮੁੱਖ ਤੌਰ ਤੇ ਹਾਜਰ ਸਨ। ਅਖੀਰ ਵਿੱਚ ਲੇਖਿਕਾ ਹਰਜੀਤ ਕੌਰ ਗਿੱਲ ਨੇ ਆਏ ਹੋਏ ਸਾਰੇ ਲੇਖਕਾਂ ਅਤੇ ਸੱਜਣਾ ਮਿੱਤਰਾਂ ਦਾ ਧੰਨਵਾਦ ਕੀਤਾ।

Scanned with CamScanner

# ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ ਵਿਖੇ ਬਣ ਰਹੇ ਨਵੇਂ ਸੱਚਖੰਡ ਸਾਹਿਬ ਦੀ ਕਾਰ ਸੇਵਾ ਆਰੰਭ



ਮੋਗਾ\ ਭਵਨਦੀਪ ਸਿੰਘ ਪੁਰਬਾ

ਧੰਨ ਧੰਨ ਸੰਤ ਬਾਬਾ ਹੀਰਾ ਸਿੰਘ ਜੀ ਅਤੇ ਉਨ੍ਹਾਂ ਦੇ ਸੇਵਾਦਾਰ ਬਾਬਾ ਹਾਕਮ ਸਿੰਘ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ ਵਿਖੇ ਬਣ ਰਹੇ ਨਵੇਂ ਸੱਚਖੰਡ ਸਾਹਿਬ ਦੀ ਕਾਰਸੇਵਾ ਬੀਤੇ ਦਿਨੀ ਆਰੰਭ ਕਰ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਇਸ ਪਵਿੱਤਰ ਅਸਥਾਨ ਦੀ ਪੁਰਾਣੀ ਇਮਾਰਤ ਜਿਸ ਉਪਰ 'ਸੰਤ ਨਿਵਾਸ 1985' ਉਕਰਿਆ ਹੋਇਆ ਹੈ ਇਸ ਤਕਰੀਬਨ 37 ਸਾਲ ਪੁਰਾਣੀ ਇਮਾਰਤ ਦੀ ਹਾਲਤ ਖਸਤਾ ਹੋ ਗਈ ਹੈ ਜਿਸ ਦੇ ਨਵੀਨੀਕਰਨ ਲਈ ਐਨ ਆਰ ਆਈ ਸੇਵਾਦਾਰ ਦੇ ਸਹਿਯੋਗ ਕਾਰ ਸੇਵਾ ਸ਼ੁਰੂ ਕੀਤੀ ਗਈ ਹੈ। ਸੇਵਾਦਾਰਾਂ ਨੇ ਇਸ ਕਾਰ ਸੇਵਾ ਸਬੰਧੀ ਜਾਣਕਾਰੀ ਦਿੰਦਿਆ ਦੱਸਿਆ ਕਿ ਇਸ ਗੁਰਦੁਆਰਾ ਸਾਹਿਬ ਦੀ ਕਾਰ-ਸੇਵਾ ਦੀ ਸ਼ੁਰੂਆਤ ਆਰੰਭ ਹੋ ਗਈ ਹੈ ਜਿਵੇਂ-ਜਿਵੇਂ ਸੇਵਾ ਇਕੱਠੀ ਹੋਵੇਗੀ, ਉਵੇਂ-ਉਵੇਂ ਕਾਰ ਸੇਵਾ ਚੱਲਦੀ ਰਹੇਗੀ। ਉਨ੍ਹਾਂ ਕਿਹਾ ਕਿ ਸੰਤ ਬਾਬਾ ਹੀਰਾ ਸਿੰਘ ਜੀ ਦੀ ਪੁਰਾਤਨ ਯਾਦਗਾਰ ਨੂੰ ਵੀ ਉਸੇ ਤਰ੍ਹਾਂ ਸੰਭਾਲ ਕੇ ਰੱਖਿਆ ਜਾਵੇਗਾ। ਸੇਵਾਦਾਰਾਂ ਵੱਲੋਂ ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ ਦੀ ਸ਼ੁਰੂ ਹੋਈ ਇਸ ਕਾਰ ਸੇਵਾ ਲਈ ਸਮੂਹ ਸਾਧ ਸੰਗਤ ਨੂੰ ਇਸ ਕਾਰਜ ਵਿੱਚ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ ਗਈ। ਇਸ ਮੌਕੇ ਸੇਵਾਦਾਰ ਬਾਬਾ ਜਸਵਿੰਦਰ ਸਿੰਘ ਜੀ, ਭਾਈ ਹਰਬੰਸ ਸਿੰਘ, ਭਾਈ ਹਰਪਾਲ ਸਿੰਘ, ਪੰਚ ਜੀਤ ਸਿੰਘ, ਜਗਤਾਰ ਸਿੰਘ, ਜਸਵਿੰਦਰ ਸਿੰਘ, ਮਿਸਤਰੀ ਬੂਟਾ ਸਿੰਘ ਚਾਲੀਟੇ ਵਾਲਾ, ਹਰਪ੍ਰੀਤ ਸਿੰਘ, ਜਗਸੀਰ ਸਿੰਘ ਬਿਜਲੀਵਾਲਾ, ਮਾਸਟਰ ਗੁਰਪ੍ਰੀਤ ਸਿੰਘ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

# ਨੋਰਥ ਜੋਨ ਕਲਚਰਲ ਸੈਂਟਰ ਪਟਿਆਲਾ ਵੱਲੋਂ ਮੋਗਾ ਜ਼ਿਲ੍ਹੇ ਵਿੱਚ ਹੋਏ ਪੰਜ ਸੱਭਿਆਚਾਰਕ ਪ੍ਰੋਗਰਾਮ



ਮੋਗਾ\ ਇਕਬਾਲ ਸਿੰਘ ਖੋਸਾ

ਨੋਰਥ ਜੋਨ ਕਲਚਰਲ ਸੈਂਟਰ ਪਟਿਆਲਾ ਵੱਲੋਂ 'ਹਰ ਘਰ ਤਰੰਗਾ' ਕੰਪੇਨ ਦੇ ਅਧੀਨ ਜਿਲ੍ਹਾ ਕੋਆਰਡੀਨੇਟਰ ਮਨਿੰਦਰ ਮੋਗਾ ਦੀ ਰਹਿਮਨੁਮਾਈ ਹੇਠ ਮੋਗਾ ਜਿਲ੍ਹੇ ਦੇ ਪੰਜ ਪਿੰਡਾ ਬਾਘਾ ਪੁਰਾਣਾ, ਝਗੜੂ, ਖੋਸਾ ਕੋਟਲਾ, ਬੁੱਘੀਪੁਰਾ, ਚੁਗਾਵਾਂ ਵਿਖੇ ਸੱਭਿਆਚਾਰ ਤੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਹੋਇਆ।

ਇਨ੍ਹਾਂ ਪ੍ਰੋਗਰਾਮ ਦੀ ਸ਼ੁਰੂਆਤ ਸੁਖਪ੍ਰੀਤ ਸਿੰਘ ਦੇ ਕਵੀਸ਼ਰੀ ਜੱਥੇ ਨਾਲ ਕੀਤੀ ਜਾਂਦੀ ਸੀ। ਉਸ ਤੋਂ ਬਾਅਦ ਢਾਡੀ ਜੱਥਾ ਜਸਵਿੰਦਰ ਸਿੰਘ ਖਾਲਸਾ ਨੇ ਵਾਰਾ ਰਾਹੀਂ ਦਰਸ਼ਕਾਂ ਨੂੰ ਆਪਣੇ ਧਰਮ ਨਾਲ ਜੋੜਨ ਦਾ ਉਪਰਾਲਾ ਕੀਤਾ ਜਾਂਦਾ ਸੀ। ਰੰਗਾਰੰਗ ਪ੍ਰੋਗਰਾਮ ਵਿੱਚ ਗਾਇਕ ਵਿੱਕੀ ਚੁਗਾਵਾਂ, ਜਸ ਸਿੱਧੂ ਅਤੇ ਹਰਮਿਲਾਪ ਗਿੱਲ ਨੇ ਆਪਣੇ ਗੀਤਾਂ ਰਾਹੀਂ ਸਰੋਤਿਆ ਨੂੰ ਆਪਣੇ ਵਿਰਸੇ ਨਾਲ ਜੁੜਨ ਦਾ ਸੱਦਾ ਦਿੱਤਾ। 'ਜੈ ਹੋ ਰੰਗ ਮੰਚ' ਵੱਲੋਂ ਸਮਾਜਿਕ ਕੁਰੀਤੀਆਂ ਵਿਰੁੱਧ ਖੇਡੇ ਗਏ ਨਾਟਕ 'ਸੁਲਘਦੀ ਧਰਤੀ' ਨੂੰ ਬੇ-ਹੱਦ ਪਸੰਦ ਕੀਤਾ ਗਿਆ। ਇਨ੍ਹਾਂ ਪ੍ਰੋਗਰਾਮ ਵਿੱਚ ਸਟੇਜ ਦੀ ਸੇਵਾ ਗਾਇਕ ਗਿੱਲ ਕਮਲ ਨੇ ਬਾਖੂਬੀ ਨਿਭਾਈ।

ਇਨ੍ਹਾਂ ਪ੍ਰੋਗਰਾਮਾ ਦਾ ਆਯੋਜਨ ਜਿਲ੍ਹਾ ਕੋਆਰਡੀਨੇਟਰ ਮਨਿੰਦਰ ਮੋਗਾ, ਭਵਨਦੀਪ ਸਿੰਘ ਪੁਰਬਾ [ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ], ਵਰਿੰਦਰ ਢਿੱਲੋਂ [ਕੈਨੇਡਾ], ਸੁਖਦੇਵ ਸਿੰਘ ਬਰਾੜ [ਰਿਟਾ. ਡੀ.ਐਸ.ਪੀ.] ਦੇ ਸਹਿਯੋਗ ਨਾਲ ਹੋਇਆ। ਇਨ੍ਹਾਂ ਸਮਾਗਮਾਂ ਨੂੰ ਆਪਣੇ ਆਪਣੇ ਪਿੰਡਾ ਵਿੱਚ ਕਰਵਾਉਣ ਲਈ ਬਾਘਾ ਪੁਰਾਣਾ ਸਕੂਲ ਦੇ ਪ੍ਰਿੰਸੀਪਲ ਸ. ਇੰਦਰਜੀਤ ਸਿੰਘ, ਮੈਡਮ ਗੁਰਿੰਦਰ ਕੌਰ, ਸਾਹਿਤਕਾਰ ਅਮਰ ਘੋਲੀਆ, ਮਾਸਟਰ ਗੁਰਦੀਪ ਸਿੰਘ, ਰਾਜੀਵ ਗੁਪਤਾ, ਜਗਸੀਰ ਸਿੰਘ, ਜਸਵਿੰਦਰ ਸਿੰਘ ਦਾ ਵਿਸ਼ੇਸ ਸਹਿਯੋਗ ਰਿਹਾ। ਪਿੰਡ ਝਗੜੂ ਵਿੱਚ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਪਿੰਡ ਦੇ ਸਰਪੰਚ ਸ. ਸੁਖਜਿੰਦਰ ਸਿੰਘ, ਜਗਦੇਵ ਸਿੰਘ, ਬਾਲ ਕ੍ਰਿਸ਼ਨ, ਸੁਖਪਾਲ ਸਿੰਘ, ਬਲਜੀਤ ਸਿੰਘ, ਰਛਪਾਲ ਸਿੰਘ, ਨੰਬਰਦਾਰ ਗੁਰਮੀਤ ਸਿੰਘ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ। ਪਿੰਡ ਖੋਸਾ ਕੋਟਲਾ ਵਿੱਚ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਪਿੰਡ ਦੇ ਸਰਪੰਚ ਸ. ਵੀਰ ਸਿੰਘ ਖੋਸਾ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਸਹਿ ਸੰਪਾਦਕ ਇਕਬਾਲ ਸਿੰਘ ਖੋਸਾ, ਨਿਰਮਲ ਸਿੰਘ ਬਾਬਾ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ। ਇਸੇ ਤਰ੍ਹਾਂ ਪਿੰਡ ਬੁੱਘੀਪੁਰਾ ਵਿੱਚ ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆ ਸਰਪੰਚ ਸ. ਹਰਨੇਕ ਸਿੰਘ ਨੇ ਕਿਹਾ ਕਿ ਸਾਨੂੰ ਬੜੀਆਂ ਕੁਰਬਾਨੀਆਂ ਨਾਲ ਅਜਾਦੀ ਮਿਲੀ ਹੈ ਇਸ ਲਈ ਸਾਨੂੰ ਇਹ ਦਿਨ ਧੂਮ-ਧਾਮ ਨਾਲ ਮਨਾਉਣਾ ਚਾਹੀਦਾ ਹੈ ਅਤੇ ਸਾਨੂੰ 15 ਅਗਸਤ ਨੂੰ ਆਪਣੇ ਘਰ ਤੇ ਤਿਰੰਗਾ ਲਹਿਰਾਉਣਾ ਚਾਹੀਦਾ ਹੈ। ਇਸ ਪਿੰਡ ਵਿੱਚ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਪਿੰਡ ਦੇ ਸਰਪੰਚ ਸ. ਹਰਨੇਕ ਸਿੰਘ, ਸਹਿਜਪਾਲ ਸਿੰਘ ਦੇਵਗਨ, ਸੁਖਵਿੰਦਰ ਸਿੰਘ, ਗਿਆਨੀ ਬਲਵਿੰਦਰ ਸਿੰਘ, ਸਾਬਕਾ ਸਰਪੰਚ ਨਿਰਮਲ ਸਿੰਘ ਆਦਿ ਦਾ ਵਿਸ਼ੇਸ਼ ਸਹਿਯੋਗ ਰਿਹਾ ਅਤੇ ਪੰਜਵੇਂ ਪਿੰਡ ਚੁਗਾਵਾਂ ਵਿਖੇ ਸਰਪੰਚ ਸ. ਬਲਜੀਤ ਸਿੰਘ, ਸਤਪਾਲ ਸਿੰਘ ਮੈਂਬਰ, ਹਰਵਿੰਦਰ ਸਿੰਘ ਮੈਂਬਰ, ਕੁਲਵਿੰਦਰ ਸਿੰਘ ਕਿੰਦਾ, ਜਗਤਾਰ ਸਿੰਘ ਤਾਰੀ, ਵਿੱਕੀ ਚੁਗਾਵਾਂ, ਸੁਖਜਿੰਦਰ ਸਿੰਘ ਪੰਚ, ਛਿੰਦਰ ਸਿੰਘ ਪੰਚ, ਮਨੋਹਰ ਸਿੰਘ ਖਜਾਨਚੀ, ਪ੍ਰਧਾਨ ਕੇਹਰ ਸਿੰਘ, ਫੌਜੀ ਕੁਲਵੰਤ ਸਿੰਘ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਚੁਗਾਵਾਂ ਦਾ ਵਿਸ਼ੇਸ਼ ਸਹਿਯੋਗ ਰਿਹਾ।

# ਨਾਨਕਸਰ ਠਾਠ ਮੰਡੀਰਾਂ ਦੇ ਸਾਲਾਨਾ ਬਰਸੀ ਸਮਾਗਮ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੋਂ ਹੋਣਗੇ ਟੈਲੀਕਾਸਟ

ਮੰਡੀਰਾਂ [ਬਾਘਾ ਪੁਰਾਣਾ] \ 01 ਸਤੰਬਰ 2022 \
ਮਵਦੀਲਾ ਬਿਓਰੋ

ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੀ ਮਿੱਠੀ ਯਾਦ ਵਿੱਚ ਗੁਰੂ ਨਾਨਕ ਦਰਬਾਰ [ਨਾਨਕਸਰ ਠਾਠ] ਮੰਡੀਰਾ ਵਿਖੇ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦੇ ਸਾਲਾਨਾ ਬਰਸੀ ਸਮਾਗਮ ਦਾ ਸਿੱਧਾ ਪ੍ਰਸ਼ਾਰਨ [ਲਾਈਵ ਟੈਲੀਕਾਸਟ] 'ਮਹਿਕ ਵਤਨ ਦੀ ਲਾਈਵ ਟੀ.ਵੀ.' ਤੋਂ ਇਲਾਵਾ ਹੋਰ ਕਈ ਚੈਨਲਾਂ ਤੇ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆ ਮੌਜੂਦਾ ਮੁੱਖ ਸੇਵਾਦਾਰ ਨੇ ਦੱਸਿਆ ਕਿ ਗੁਰੂ ਨਾਨਕ ਦਰਬਾਰ [ਨਾਨਕਸਰ ਠਾਠ] ਮੰਡੀਰਾਂ ਵਿਖੇ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦੇ ਸਾਲਾਨਾ ਬਰਸੀ ਸਮਾਗਮ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਕੋਤਰੀ ਜੋ 29 ਅਕਤੂਬਰ 2022 ਤੋਂ ਆਰੰਭ ਹੈ ਜਿਸ ਦੀ ਸਮਾਪਤੀ 22 ਸਤੰਬਰ 2022 ਨੂੰ ਹੋਵੇਗੀ। ਉਨ੍ਹਾਂ ਦੱਸਿਆ ਕਿ 21 ਸਤੰਬਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਦਰਬਾਰ ਹੋਵੇਗਾ।

ਇਨ੍ਹਾਂ ਸਮਾਗਮ ਦੇ ਹੋਣ ਵਾਲੇ ਟੈਲੀਕਾਸਟ ਪ੍ਰੋਗਰਾਮਾ ਬਾਰੇ ਜਾਣਕਾਰੀ ਦਿੰਦਿਆ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ\ ਡਾਇਰੈਕਟਰ ਭਵਨਦੀਪ ਸਿੰਘ ਪੁਰਬਾ ਨੇ ਦੱਸਿਆ ਕਿ 21 ਸਤੰਬਰ [5 ਅੱਸੂ] 2022 ਦਿਨ ਬੁੱਧਵਾਰ ਦੀ ਰਾਤ ਨੂੰ ਹੋਣ ਵਾਲੇ ਰੈਣ ਸਬਾਈ ਕੀਰਤਨ ਦਰਬਾਰ ਦਾ ਸ਼ਾਮ 8 ਵਜੇ ਤੋਂ ਰਾਤ 12 ਵਜੇ ਤੱਕ ਸਿੱਧਾ ਪ੍ਰਸ਼ਾਰਨ ਹੋਵੇਗਾ। ਅਗਲੇ ਦਿਨ 22 ਸਤੰਬਰ [6 ਅੱਸੂ] 2022 ਦਿਨ ਵੀਰਵਾਰ ਨੂੰ ਅਗਸਤ ਤੋਂ ਆਰੰਭ ਹੋਈ ਸ੍ਰੀ ਅਖੰਡ ਪਾਠ ਸਾਹਿਬ ਦੀ ਕੋਤਰੀ ਦੀ ਸਮਾਪਤੀ ਦੇ ਭੋਗ ਦਾ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸੰਗਤਾ ਇਸ ਸਮਾਗਮ ਦਾ ਪ੍ਰਸਾਰਨ ਯੂ-ਟਿਊਬ ਤੇ ਮਹਿਕ ਵਤਨ ਦੀ ਲਾਈਵ ਭਰ ਕੇ ਜਾਂ ਚੈਨਲ ਤੇ ਬਿਓਰੋ ਦੀ ਵੈੱਬ ਸਾਈਟ ਤੇ ਕਲਿੱਕ ਕਰਕੇ ਵੇਖ ਸਕਦੀਆਂ ਹਨ।

# ਤਸਵੀਰਾਂ ਬੋਲਦੀਆਂ



ਗੁਰਦੁਆਰਾ ਸ਼ਹੀਦ ਬਾਬਾ ਰੰਗਾ ਸਿੰਘ ਜੀ ਚੰਦਪੁਰਾਣਾ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਵੱਲੋਂ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਨੂੰ ਪੱਤਰਕਾਰੀ ਦੇ ਖੇਤਰ ਵਿੱਚ ਨਿਭਾਈਆ ਜਾਂ ਰਹੀਆਂ ਵਧੀਆਂ ਸੇਵਾਵਾ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਸਮੇਂ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਨਾਲ ਹਾਜ਼ਰ ਸੇਵਾਦਾਰ।
[ਫੋਟੋ ਤੇ ਵੇਰਵਾ: ਮਨਮੋਹਨ ਸਿੰਘ ਚੀਮਾ]



ਲੇਖਿਕਾ ਹਰਜੀਤ ਕੌਰ ਗਿੱਲ ਨੂੰ ਦੂਸਰੀ ਪੁਸਤਕ 'ਜ਼ਿੰਦਗੀ ਦੇ ਰੰਗ' ਲੋਕ ਅਰਪਨ ਮੌਕੇ ਮੁੱਖ ਤੌਰ ਤੇ ਹਾਜ਼ਰ ਹੋਏ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਨੂੰ ਸਾਹਿਤ ਸਭਾ ਜ਼ੀਰਾ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸਨਮਾਨਿਤ ਕਰਨ ਸਮੇਂ ਇਸ ਸਮਾਗਮ ਵਿੱਚ ਮੌਜੂਦ ਤਕਰੀਬਨ 50 ਸਾਹਿਤਕਾਰਾ ਅਤੇ ਸੱਜਣਾ ਮਿੱਤਰਾਂ ਸਮੇਤ ਅਮਰਜੀਤ ਸਿੰਘ ਸਨੇਰਵੀ, ਕਰਮਜੀਤ ਕੌਰ ਮਾਣਕ, ਸਾਹਿਤਕਾਰ ਕਰਮਜੀਤ ਕੌਰ ਲੱਡੇਕੇ, ਲੇਖਿਕਾ ਹਰਜੀਤ ਕੌਰ ਗਿੱਲ, ਭਵਨਦੀਪ ਸਿੰਘ ਪੁਰਬਾ, ਸੁਖਵਿੰਦਰ ਸਿੰਘ ਸ਼ਹਿਜਾਦਾ, ਪ੍ਰਸਿੱਧ ਲੇਖਕ ਅਸ਼ੋਕ ਚਟਾਨੀ, ਲੇਖਿਕਾ ਸਮਾਜ ਸੇਵੀ ਡਾ. ਸਰਬਜੀਤ ਕੌਰ ਬਰਾੜ, ਸੋਨੀਆ ਸਿਮਰ ਆਦਿ ਸਟੇਜ ਤੇ ਹਾਜ਼ਰ ਸਨ। [ਫੋਟੋ ਤੇ ਵੇਰਵਾ: ਮਨਮੋਹਨ ਸਿੰਘ ਚੀਮਾ]




ਨੋਰਥ ਜੋਨ ਕਲਚਰਲ ਸੈਂਟਰ ਪਟਿਆਲਾ ਵੱਲੋਂ 'ਹਰ ਘਰ ਤਰੰਗਾ' ਕੰਪੇਨ ਦੇ ਅਧੀਨ ਮੋਗਾ ਦੇ ਸਾਰੇ ਹਲਕਿਆ ਵਿੱਚ ਸੱਭਿਆਚਾਰਕ ਤੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇੱਕ ਪ੍ਰੋਗਰਾਮ ਦੌਰਾਨ ਗਾਇਕ ਗਿੱਲ ਕਮਲ, ਜਿਲ੍ਹਾਂ ਕੋਆਡੀਨੇਟਰ ਮਨਿੰਦਰ ਮੋਗਾ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਸ. ਸੁਖਦੇਵ ਸਿੰਘ ਬਰਾੜ [ਰਿਟਾ. ਡੀ.ਐਸ.ਪੀ.]।
[ਫੋਟੋ ਤੇ ਵੇਰਵਾ: ਇਕਬਾਲ ਸਿੰਘ ਖੋਸਾ]



ਧਰਮਕੋਟ ਹਲਕੇ ਦੇ ਪਿੰਡ ਰਾਊਵਾਲ ਦੇ ਸ਼ਹੀਦ ਜਿਊਣ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜਿਸ ਨੂੰ ਪਿਛਲੇ ਸਾਲਾ ਦੌਰਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਮੋਗਾ ਅਤੇ ਰੂਰਲ ਐਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਵੱਲੋਂ ਬਹੁੱਤ ਵੱਡਾ ਸਹਿਯੋਗ ਦਿੱਤਾ ਗਿਆ ਸੀ। ਰਾਊਵਾਲ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸੱਦੇ ਤੇ ਸਰਬੱਤ ਦਾ ਭਲਾ ਟਰੱਸਟ ਅਤੇ ਐਨ.ਜੀ.ਓ. ਮੋਗਾ ਦੇ ਅਹੁੱਦੇਦਾਰਾ ਟਰੱਸਟ ਦੇ ਪ੍ਰਧਾਨ ਮਹਿੰਦਰਪਾਲ ਲੂੰਬਾ, ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ [ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ' ਬਿਓਰੋ], ਮੁੱਖ ਸਲਾਹਕਾਰ ਗੁਰਸੇਵਕ ਸਿੰਘ ਸੰਨਿਆਸੀ, ਸਿਟੀ ਪ੍ਰਧਾਨ ਸੁਖਦੇਵ ਸਿੰਘ ਬਰਾੜ [ਰਿਟਾ. ਡੀਐਸਪੀ] ਨੂੰ ਮੁੱਖ ਮਹਿਮਾਨ ਦਵਿੰਦਰਜੀਤ ਸਿੰਘ 'ਲਾਡੀ' ਢੋਸ [ਐਮ.ਐਲ.ਏ. ਹਲਕਾ ਧਰਮਕੋਟ] ਵੱਲੋਂ ਮੁੱਖ ਤੌਰ 'ਤੇ ਸਨਮਾਨਿਤ ਕੀਤਾ ਗਿਆ।



Scanned with CamScanner

ਮਾਸਿਕ 'ਮਹਿਕ ਵਤਨ ਦੀ ਲਾਈਵ' ਮੋਗਾ
Monthly 'Mehak Watan Di Live' Moga

# ਜੀਵਨ ਝਲਕ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲੇ



ਵੱਕਰ ਸਾਧੂ ਸੰਤ ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲੇ, ਜਿਨ੍ਹਾਂ ਨਾਲ ਦਾਸ ਦਾ ਪਿਛਲੇ ਤਕਰੀਬਨ 20 ਸਾਲਾ ਤੋਂ ਰਾਬਤਾ ਹੈ। ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲੇ ਪਿਛਲੇ ਮਹੀਨਿਆ ਦੌਰਾਨ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਐਤਕੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦੀ ਸਲਾਨਾ ਬਰਸੀ ਮੌਕੇ ਬਾਬਾ ਬਲਦੇਵ ਸਿੰਘ ਮੰਡੀਰਾਂ ਵਾਲਿਆਂ ਦੀ ਮਿੱਠੀ ਯਾਦ ਵਿੱਚ ਉਨ੍ਹਾਂ ਦੇ ਜੀਵਨ ਬਾਰੇ ਇਕ ਛੋਟੀ ਜਿਹੀ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਬਾਬਾ ਬਾਬਾ ਬਲਦੇਵ ਸਿੰਘ ਮੰਡੀਰਾਂ, ਪਿੰਡ ਮੰਡੀਰਾਂ ਨਵਾਂ ਦੇ ਹੀ ਜੰਮ-ਪਲ ਸਨ। ਇਨ੍ਹਾਂ ਦਾ ਜਨਮ 1965 ਨੂੰ ਮਾਤਾ ਮੁਖਤਿਆਰ ਕੌਰ ਦੀ ਸੁਭਾਗੀ ਕੁੱਖੋਂ ਪਿਤਾ ਸਰਦਾਰ ਕੇਹਰ ਸਿੰਘ ਦੇ ਘਰ ਹੋਇਆ। ਇਨ੍ਹਾਂ ਦਾ ਬਚਪਨ ਤੋਂ ਹੀ ਸੁਭਾਅ ਭਗਤੀ ਭਾਵ ਵਾਲਾ ਸੀ। ਆਪ ਜੀ ਦਾ ਬਚਪਨ ਵਾਲਾ ਗਿਆਨ ਬੇਸ਼ਕ ਆਮ ਲੋਕਾਂ ਤੇ ਘਰਦਿਆਂ ਨੂੰ ਓਪਰਾ ਜਿਹਾ ਲੱਗਦਾ ਸੀ ਪਰ ਸਮਾਂ ਬੀਤਣ ਨਾਲ ਉਹ ਹਕੀਕਤ ਵਿੱਚ ਬਦਲਦਾ ਗਿਆ। ਬਾਬਾ ਬਲਦੇਵ ਸਿੰਘ ਮੰਡੀਰਾਂ ਬਚਪਨ ਤੋਂ ਜੋ ਦੱਸਦੇ ਸਨ ਉਹ ਪੂਰਾ ਹੋ ਜਾਂਦਾ ਸੀ। ਇਨ੍ਹਾਂ ਚਮਤਕਾਰਾਂ ਨੂੰ ਦੇਖ ਕੇ ਆਪ ਜੀ ਦੇ ਮਾਤਾ-ਪਿਤਾ ਨੇ ਆਪ ਜੀ ਨੂੰ ਨਾਨਕਸਰ ਕਲੇਰਾ ਛੱਡ ਦਿੱਤਾ। ਫਿਰ ਆਪ ਕੁਝ ਸਮਾਂ ਬੱਧਨੀ ਕਲਾਂ ਵਾਲੇ ਬਾਬਾ ਜੀ ਕੋਲ ਵੀ ਰਹੇ। ਆਪ ਜੀ ਨੇ ਨਾਨਕਸਰ ਦੇ ਮਹਾਂਪੁਰਖ ਸੰਤ ਬਾਬਾ ਘਾਲਾ ਸਿੰਘ ਜੀ ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ ਲੰਮਾ ਸਮਾਂ ਆਪ ਜੀ ਨੇ ਨਾਨਕਸਰ ਰਹਿ ਕੇ ਸੇਵਾ ਕੀਤੀ। ਫਿਰ ਆਪ ਜੀ 1985 ਦੇ ਲੱਗਭੱਗ ਗੁਰੂ ਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ) ਦੀ ਸਥਾਪਨਾ ਕੀਤੀ। ਉਸ ਸਮੇਂ ਇਸ ਸਥਾਨ ਤੇ ਸੁਨ-ਸਰਾਂ ਜਗ੍ਹਾ ਸੀ ਆਪ ਜੀ ਦੀ ਸੇਵਾ ਭਗਤੀ ਅਤੇ ਮਿਹਨਤ ਨਾਲ ਇਸ ਸਥਾਨ ਤੇ ਜੰਗਲਾਂ ਵਿੱਚ ਮੰਗਲ ਲੱਗ ਗਏ।

ਆਪ ਜੀ ਨੇ ਸੰਗਤਾਂ ਨੂੰ ਪ੍ਰੇਰਿਤ ਕਰਕੇ ਛਮਾਹੀ ਅਨਾਜ ਦੀ ਉਗਰਾਹੀ ਕਰਕੇ ਇਸ ਸਥਾਨ ਦੀ ਕਾਰ-ਸੇਵਾ ਕਰਵਾਈ। ਜਿੱਥੇ ਅੱਜ ਵਿਸ਼ਾਲ ਇਮਾਰਤਾਂ ਸਥਾਪਿਤ ਹਨ। ਆਪ ਜੀ ਨੇ ਸਮੂਹ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਮੜ੍ਹੀਆਂ ਮਸਾਣਾਂ ਨੂੰ ਪੂਜਣ ਦਾ ਵਿਰੋਧ ਕੀਤਾ। ਆਪ ਜੀ ਸ਼ਾਂਤ ਸੁਭਾਅ ਵਾਲੇ, ਨਿਮਰਤਾ ਵਾਲੇ ਅਤੇ ਮਿਠਬੋਲੜੇ ਸੰਤ ਸੀ। ਆਪ ਜੀ ਹਮੇਸ਼ਾ ਗੁਰੂ ਦੀ ਭਗਤੀ ਵਿੱਚ ਲੀਨ ਰਹਿੰਦੇ ਸਨ। ਆਪ ਜੀ ਦੇ ਉਪਦੇਸ਼ ਸਦਕਾਂ ਹਜ਼ਾਰਾ ਸੰਗਤਾਂ ਗੁਰੂ ਦੇ ਲੜ ਲੱਗ ਚੁੱਕੀਆਂ ਹਨ। ਅਸਲ ਵਿਚ ਪਿੰਡ ਮੰਡੀਰਾਂ ਦਾ ਨਾਮ ਵੀ ਆਪ ਜੀ ਦੇ ਕਾਰਨ ਹੀ ਦੁਨੀਆਂ ਵਿੱਚ ਪ੍ਰਸਿੱਧ ਹੋਇਆ ਹੈ। ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲੇ ਨਾਨਕਸਰ ਕਲੇਰਾਂ ਦੇ ਮੌਜੂਦਾ ਮੁੱਖ ਸੇਵਾਦਾਰ ਬਾਬਾ ਘਾਲਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਸਾਰੇ ਕਾਰਜ ਕਰਦੇ ਸਨ। ਬਾਬਾ ਬਲਦੇਵ ਸਿੰਘ ਜੀ ਕਿਹਾ ਕਰਦੇ ਸਨ ਕਿ ਬਾਬਾ ਨੰਦ ਸਿੰਘ ਜੀ ਦੀ ਕਿਰਪਾ ਨਾਲ ਨਾਨਕਸਰ ਠਾਠ ਮੰਡੀਰਾਂ ਦਾ ਇਹ ਸਥਾਨ ਪ੍ਰਗਟ ਹੋਇਆ। ਆਪ ਜੀ ਨੇ ਇਸ ਅਸਥਾਨ ਦੀ ਕਾਰ ਸੇਵਾ ਸ਼ੁਰੂ ਕਰਵਾਈ ਸੀ ਜੋ ਅੱਜ ਵੀ ਇਸ ਥਾਂ ਦੀ ਕਾਰ ਸੇਵਾ ਚੱਲ ਰਹੀ ਹੈ ਅਤੇ ਇਹ ਸਥਾਨ ਦਿਨੋ-ਦਿਨ ਵਧਦਾ ਹੀ ਜਾ ਰਿਹਾ ਹੈ। ਆਪ ਜੀ ਦੇ ਸੇਵਕ ਭਾਈ ਹਰਪ੍ਰੀਤ ਸਿੰਘ ਡੋਲੀ ਜੋ 1994 ਤੋਂ ਆਪ ਜੀ ਨਾਲ ਹਨ ਉਹ ਹਮੇਸ਼ਾ ਆਪ ਜੀ ਦੇ ਨਾਲ ਰਿਹਾ ਕਰਦੇ ਸਨ। ਸਾਰੇ ਪ੍ਰੋਗਰਾਮਾਂ ਦਾ ਯੋਗ ਪ੍ਰਬੰਧ ਉਨ੍ਹਾਂ ਦੀ ਹੀ ਦੇਖ-ਰੇਖ ਹੇਠ ਹੁੰਦਾ ਆ ਰਿਹਾ ਹੈ। ਪ੍ਰਮਤਾਮਾਂ ਵੱਲੋਂ ਆਏ ਬੁਲਾਵੇ ਤੇ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਆਪਣਾ ਪੰਜ ਭੂਤਕ ਸਰੀਰ ਨੂੰ ਤਿਆਗਦੇ ਹੋਏ 11 ਜੁਲਾਈ 2022 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਜਿਸ ਦਿਨ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿੱਚ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਉੱਘੀਆਂ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਸ਼ਖਸੀਅਤਾਂ ਨੇ ਨਮ ਅੱਖਾਂ ਨਾਲ ਬਾਬਾ ਬਲਦੇਵ ਸਿੰਘ ਜੀ ਨੂੰ ਅੰਤਿਮ ਵਿਦਾਇਗੀ ਦਿੱਤੀ। ਉਨ੍ਹਾਂ ਦੀ ਅੰਤਿਮ ਅਰਦਾਸ ਗੁਰੂਨਾਨਕ ਦਰਬਾਰ (ਨਾਨਕਸਰ ਠਾਠ ਮੰਡੀਰਾਂ) ਵਿਖੇ 21 ਜੁਲਾਈ 2022 ਨੂੰ ਹੋਈ ਅਤੇ 22 ਜੁਲਾਈ 2022 ਨੂੰ ਆਪ ਜੀ ਫੁੱਲ ਰਹੀਕੇ ਪੱਤਨ ਵਿਖੇ ਜਲ ਪ੍ਰਵਾਹ ਕਰ ਦਿੱਤੇ ਗਏ।

ਬਾਬਾ ਬਲਦੇਵ ਸਿੰਘ ਜੀ ਦੇ ਪ੍ਰਲੋਕ ਗਮਨ ਕਰ ਜਾਣ ਕਾਰਨ ਇਸ ਜਗ੍ਹਾ ਨਾਲ ਜੁੜਿਆ ਸੰਗਤਾਂ ਨੂੰ ਬਾਬਾ ਜੀ ਦਾ ਅਜਿਹ ਵਿਛੋੜਾ ਸਹਿਣ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਤੋਂ ਬਾਬਾ ਜੀ ਦਾ ਵਿਛੋੜਾ ਝੱਲਿਆ ਜਾਣਾ ਮੁਸ਼ਕਲ ਹੋਇਆ ਪਿਆ ਹੈ ਪਰ ਫਿਰ ਵੀ ਉਨ੍ਹਾਂ ਦੇ ਦਰਸਾਏ ਮਾਰਗ ਤੇ ਚਲਦਿਆਂ ਉਨ੍ਹਾਂ ਦੁਆਰਾ ਕੀਤੇ ਜਾਂਦੇ ਕਾਰਜਾਂ ਦੇ ਇਰਾਦੇ ਉਸੇ ਤਰ੍ਹਾਂ ਕਾਇਮ ਰੱਖਦੇ ਹੋਏ ਮੌਜੂਦਾ ਮੁੱਖ ਸੇਵਾਦਾਰ ਬਾਬਾ ਰਮਨਦੀਪ ਸਿੰਘ ਅਤੇ ਭਾਈ ਹਰਪ੍ਰੀਤ ਸਿੰਘ ਡੋਲੀ ਦੀ ਸਰਪ੍ਰਸਤੀ ਹੇਠ ਬਾਬਾ ਬਲਦੇਵ ਸਿੰਘ ਜੀ ਦੀ ਚਲਾਈ ਮਰਿਯਾਦਾ ਅਨੁਸਾਰ ਇਸ ਅਸਥਾਨ ਤੇ ਪੂਰਨਮਾਸ਼ੀ ਦਾ ਦਿਹਾੜਾ ਹਰ ਮਹੀਨੇ ਦੀ ਤਰ੍ਹਾਂ ਮਨਾਇਆ ਜਾਂਦਾ ਹੈ ਅਤੇ ਉਸੇ ਤਰ੍ਹਾਂ ਬਾਬਾ ਬਲਦੇਵ ਸਿੰਘ ਜੀ ਦੀ ਚਲਾਈ ਗਈ ਮਰਿਯਾਦਾ ਅਨੁਸਾਰ ਧੰਨ-ਧੰਨ ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦੀ ਸਾਲਾਨਾ ਬਰਸੀ ਮਿਥੀਆਂ ਤਾਰੀਖਾਂ ਤੇ ਸਾਲਾਨਾ ਬਰਸੀ ਮਨਾਈ ਜਾ ਰਹੀ ਹੈ।

-ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਊਰੋ)

## ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਦੀਆਂ ਕੁੱਝ ਯਾਦਗਾਰੀ ਤਸਵੀਰਾਂ


















Scanned with CamScanner



ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਕਲੇਰਾਂ ਵਾਲਿਆਂ ਦੀ

# ਸਲਾਨਾ ਬਰਸੀ

ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ ਦੀ ਮਿੱਠੀ ਯਾਦ ਵਿਚ



## ਗੁਰਦੁਆਰਾ ਗੁਰੂ ਨਾਨਕ ਦਰਬਾਰ

ਨਾਨਕਸਰ ਠਾਠ ਮੰਡੀਰਾਂ ਨਵਾਂ (ਜ਼ਿਲ੍ਹਾ ਮੋਗਾ)

ਵਿਖੇ ਹਰ ਸਾਲ ਦੀ ਤਰ੍ਹਾਂ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਜਾਵੇਗੀ।

29 ਅਗਸਤ ਤੋਂ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਦੀ ਕੋਤਰੀ ਦੀ ਸਮਾਪਤੀ ਅਤੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ

**22 ਸਤੰਬਰ 2022 ਦਿਨ ਵੀਰਵਾਰ (6 ਅੱਸੂ) ਨੂੰ ਪੈਣਗੇ।**

ਨੋਟ : ਭੋਗ ਉਪਰੰਤ ਸ਼ਾਮ 4 ਵਜੇ ਤੱਕ ਕੀਰਤਨ ਦਰਬਾਰ ਸਜੇਗਾ।

**21 ਸਤੰਬਰ 2022 ਦਿਨ ਬੁੱਧਵਾਰ (5 ਅੱਸੂ) ਦੀ ਰਾਤ ਨੂੰ ਰੈਣ ਸਬਾਈ ਹੋਵੇਗੀ।**

ਇਹ ਪ੍ਰੋਗਰਾਮ

**ਸੰਤ ਬਾਬਾ ਘਾਲਾ ਸਿੰਘ ਜੀ**

ਨਾਨਕਸਰ ਕਲੇਰਾਂ ਵਾਲਿਆਂ ਦੀ ਸਰਪ੍ਰਸਤੀ ਹੇਠ ਹੋਵੇਗਾ

ਸਮੂਹ ਸਾਧ ਸੰਗਤ ਨੂੰ ਪਹੁੰਚਣ ਦਾ ਹਾਰਦਿਕ ਸੱਦਾ ਦਿੱਤਾ ਜਾਂਦਾ ਹੈ ਜੀ।

ਇਸ ਪ੍ਰੋਗਰਾਮ ਦਾ "Mehak Watan Di Live" ਵੈਬ ਟੀ.ਵੀ. ਤੇ ਸਿੱਧਾ ਪ੍ਰਸਾਰਨ ਕੀਤਾ ਜਾਵੇਗਾ।

ਮਹਿਕ ਵਤਨ ਦੀ Web TV
'Mehak Watan Di Live'

ਇਸ ਪਵਿੱਤਰ ਅਸਥਾਨ ਤੇ ਪੂਰਨਮਾਸ਼ੀ ਅਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਇਹ ਅਸਥਾਨ, ਕਸਬਾ ਪੁਰਾਣਾ ਤੋਂ ਮੋਗਾ ਰੋਡ ਤੇ ਪਿੰਡ ਸਿੰਘ ਨਹਿਰ ਵਾਲੇ ਤੋਂ ਥੋੜ੍ਹੇ ਪਾਸੇ ਇਕ ਕਿਲੋਮੀਟਰ ਦੀ ਦੂਰੀ ਤੇ ਸੁਸ਼ੋਭਤ ਹੈ। ਕਸਬਾ ਪੁਰਾਣਾ ਤੋਂ ਟੈਂਪੂ ਅਤੇ ਬੱਸਾਂ ਆਮ ਮਿਲਦੀਆਂ ਹਨ।



ਮੁੱਖ ਸੇਵਾਦਾਰ

**ਬਾਬਾ ਰਮਨਦੀਪ ਸਿੰਘ ਜੀ**

ਸੇਵਾਦਾਰ : ਭਾਈ ਹਰਪ੍ਰੀਤ ਸਿੰਘ 'ਭੋਲੀ

ਮੋ. 99142-69858, 98143-91798

Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Title Regd No. PUNPUN 04616

Scanned with CamScanner